Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 47 | Wednesday, March 09, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਜੀਨ ਚਾਰੈਸਟ ਵੀ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੌੜ ਵਿਚ ਨਿੱਤਰਣ ਦੀ ਕਰ ਰਹੇ ਹਨ ਤਿਆਰੀ



ਓਟਵਾ, 8 ਮਾਰਚ (ਪੋਸਟ ਬਿਊਰੋ) : 10 ਸਤੰਬਰ ਨੂੰ ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਵੱਲੋਂ ਆਪਣੇ ਆਗੂ ਦੀ ਚੋਣ ਕੀਤੀ ਜਾਵੇਗੀ। ਪਾਰਟੀ ਦੇ ਸੰਭਾਵੀ ਉਮੀਦਵਾਰਾਂ ਤੇ ਉਨ੍ਹਾਂ ਦੀਆਂ ਟੀਮਾਂ ਲਈ ਕਮਰ ਕੱਸਣ ਦਾ ਸਮਾਂ ਆ ਗਿਆ ਹੈ।

ਇਸ ਲੀਡਰਸ਼ਿਪ ਮੁਕਾਬਲੇ ਵਿੱਚ ਹਿੱਸਾ ਲੈਣ ਵਾਲਿਆਂ ਲਈ ਇਸ ਪਿੜ ਵਿੱਚ ਨਿੱਤਰਣ ਵਾਸਤੇ 19 ਅਪਰੈਲ ਤੱਕ ਦਾ ਤੇ ਮੈਂਬਰਸ਼ਿਪ ਜੋੜਨ ਲਈ 3 ਜੂਨ ਤੱਕ ਦਾ ਸਮਾਂ ਹੈ। ਹੁਣ ਤੱਕ ਸਿਰਫ ਇੱਕ ਉਮੀਦਵਾਰ ਹੀ ਚੋਣ ਪਿੜ ਵਿੱਚ ਨਿੱਤਰੇ ਹਨ। ਓਟਵਾ ਏਰੀਆ ਤੋਂ ਐਮਪੀ 42 ਸਾਲਾਂ ਦੇ ਪਿਏਰ ਪੌਲੀਏਵਰ ਨੇ ਲੱਗਭਗ ਇੱਕ ਮਹੀਨੇ ਪਹਿਲਾਂ ਹੀ ਇਸ ਦੌੜ ਵਿੱਚ ਹਿੱਸਾ ਲੈਣ ਦਾ ਆਪਣਾ ਇਰਾਦਾ ਸਪਸ਼ਟ ਕਰ ਦਿੱਤਾ ਸੀ। ਉਨ੍ਹਾਂ ਵੱਲੋਂ ਫੰਡਰੇਜ਼ਿੰਗ ਵੀ ਸ਼ੁਰੂ ਕੀਤੀ ਜਾ ਚੁੱਕੀ ਹੈ ਤੇ ਉਨ੍ਹਾਂ ਨੇ ਕਈ ਹੋਰ ਈਵੈਂਟ ਵੀ ਕਰਵਾਉਣੇ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਵੱਲੋਂ ਫੈਡਰਲ ਕਾਰਬਨ ਟੈਕਸ ਰੱਦ ਕਰਨ ਦਾ ਤਹੱਈਆ ਵੀ ਪ੍ਰਗਟਾਇਆ ਗਿਆ ਹੈ। ਉਨ੍ਹਾਂ ਤੋਂ ਇਲਾਵਾ ਵੀਰਵਾਰ ਨੂੰ ਜੀਨ ਚਾਰੈਸਟ ਦੇ ਕੈਲਗਰੀ ਤੋਂ ਇਸ ਲੀਡਰਸ਼ਿਪ ਦੌੜ ਵਿੱਚ ਸ਼ਾਮਲ ਹੋਣ ਦੀਆਂ ਵੀ ਕਨਸੋਆਂ ਹਨ। ਕਿਊਬਿਕ ਦੇ ਸਾਬਕਾ ਪ੍ਰੀਮੀਅਰ ਚਾਰੈਸਟ ਨੇ 1990ਵਿਆਂ ਦੇ ਮੱਧ ਵਿੱਚ ਫੈਡਰਲ ਪ੍ਰੋਗਰੈਸਿਵ ਕੰਜ਼ਰਵੇਟਿਵਾਂ ਦੀ ਅਗਵਾਈ ਕੀਤੀ ਸੀ ਤੇ ਪਿੱਛੇ ਜਿਹੇ ਉਨ੍ਹਾਂ ਓਟਵਾ ਵਿੱਚ ਐਮਪੀਜ਼ ਤੇ ਸੈਨੇਟਰਜ਼ ਦੀ ਰਿਸੈਪਸ਼ਨ ਦਾ ਆਯੋਜਨ ਵੀ ਕੀਤਾ ਸੀ। ਉਨ੍ਹਾਂ ਵੱਲੋਂ ਇਨ੍ਹਾਂ ਸਾਰੇ ਐਮਪੀਜ਼ ਤੇ ਸੈਨੇਟਰਜ਼ ਨਾਲ ਇੱਕਲੇ ਇੱਕਲੇ ਵੀ ਮੁਲਾਕਾਤ ਕੀਤੀ ਗਈ ਸੀ। ਉਨ੍ਹਾਂ ਉਸ ਸਮੇਂ ਇਹ ਆਖਿਆ ਸੀ ਕਿ ਉਹ ਇਸ ਬਾਰੇ ਆਖਰੀ ਫੈਸਲਾ ਲੈਣ ਤੋਂ ਪਹਿਲਾਂ ਨਿਯਮ ਵੇਖਣਾ ਚਾਹੁੰਦੇ ਹਨ।

ਲੀਡਰਸ਼ਿਪ ਦੇ ਇਸ ਮੁਕਾਬਲੇ ਵਿੱਚ ਹਿੱਸਾ ਲੈਣ ਬਾਰੇ ਜਿਹੜੇ ਆਗੂ ਵਿਚਾਰ ਕਰ ਰਹੇ ਹਨ ਉਨ੍ਹਾਂ ਵਿੱਚ ਓਨਟਾਰੀਓ ਤੋਂ ਐਮਪੀ ਲੈਸਲਿਨ ਲੁਈਸ, ਪੈਰੀ ਸਾਊਂਡ-ਮਸਕੋਕਾ ਤੋਂ ਦੋਵਾਰੀ ਐਮਪੀ ਰਹਿ ਚੁੱਕੇ ਸਕੌਟ ਐਚਿਸਨ, ਅਰੋਰਾ-ਓਕ ਰਿੱਜ ਰਿਚਮੰਡ ਹਿੱਲ ਤੋਂ ਸਾਬਕਾ ਐਮਪੀ ਲਿਓਨਾ ਐਲੈਸਲੇਵ, ਬਰੈਂਪਟਨ ਦੇ ਮੇਅਰ ਤੇ ਓਨਟਾਰੀਓ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੇ ਸਾਬਕਾ ਆਗੂ ਪੈਟ੍ਰਿਕ ਬ੍ਰਾਊਨ, ਪ੍ਰੀਮੀਅਰ ਡੱਗ ਫੋਰਡ ਵੱਲੋਂ ਪਿਛਲੇ ਸਾਲ ਕਾਕਸ ਵਿੱਚੋਂ ਕੱਢੇ ਗਏ ਤੇ ਇਸ ਸਮੇਂ ਆਜ਼ਾਦ ਐਮਪੀਪੀ ਰੋਮਨ ਬੇਬਰ, ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਸਰਕਾਰ ਵਿੱਚ ਕੈਬਨਿਟ ਮੰਤਰੀ ਰਹੇ ਪੀਟਰ ਮੈਕੇਅ, ਓਨਟਾਰੀਓ ਤੋਂ ਐਮਪੀ ਮਾਈਕਲ ਚੱਗ ਸ਼ਾਮਲ ਹਨ।

ਇਸ ਦੌੜ ਵਿੱਚ ਹਿੱਸਾ ਨਾ ਲੈਣ ਦਾ ਮਨ ਬਣਾ ਚੁੱਕੇ ਆਗੂਆਂ ਵਿੱਚ ਤਾਸ਼ਾ ਖੇਰੀਦਿਨ, ਰੋਨਾ ਐਂਬਰੋਸ, ਬ੍ਰੈਡ ਵਾਲ, ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਤੇ ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਸ਼ਾਮਲ ਹਨ।

## ਲੈਟਵੀਆ ਵਿੱਚ ਟਰੂਡੋ ਨੇ ਨਾਟੋ ਆਗੂਆਂ ਨਾਲ ਕੀਤੀ ਮੁਲਾਕਾਤ



ਰੀਗਾ,ਲੈਟਵੀਆ, 8 ਮਾਰਚ (ਪੋਸਟ ਬਿਊਰੋ) : ਰੂਸ ਦੇ ਨਾਲ ਲੱਗਦੇ ਤਿੰਨ ਬਾਲਟਿਕ ਦੇਸ਼ਾਂ ਦੇ ਆਗੂਆਂ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਉਹ ਯੂਕਰੇਨ ਖਿਲਾਫ ਜਾਰੀ ਕ੍ਰੈਮਲਿਨ ਦੀ ਜੰਗ ਵਿੱਚ ਹੀ ਉਨ੍ਹਾਂ ਦਾ ਸਾਥ ਨਹੀਂ ਦੇਣਗੇ ਸਗੋਂ ਇਨ੍ਹਾਂ ਦੇਸ਼ਾਂ ਉੱਤੇ ਕੀਤੇ ਜਾਣ ਵਾਲੇ ਸਾਈਬਰਅਟੈਕਸ ਖਿਲਾਫ ਵੀ ਕਾਰਵਾਈ ਕਰਨਗੇ।

ਆਪਣਾ ਲੈਟਵੀਆ ਦਾ ਦਰਾ ਸ਼ੁਰੂ ਕਰਨ ਸਮੇਂ ਮੰਗਲਵਾਰ ਨੂੰ ਰੀਗਾ ਵਿੱਚ ਗੱਲ ਕਰਦਿਆਂ ਟਰੂਡੋ ਨੇ ਆਖਿਆ ਕਿ ਰੂਸ ਵੱਲੋਂ ਸ਼ੁਰੂ ਕੀਤੀ ਗਈ ਇਸ ਚੁਣੌਤੀ ਦਾ ਸੱਭ ਤੋਂ ਪਹਿਲਾਂ ਸਾਹਮਣਾ ਇਨ੍ਹਾਂ ਦੇਸ਼ਾਂ ਨਾਲ ਹੀ ਹੋ ਰਿਹਾ ਹੈ। ਇਨ੍ਹਾਂ ਤਿੰਨ ਨਾਟੋ ਭਾਈਵਾਲ ਦੇਸ਼ਾਂ ਦੇ ਆਗੂਆਂ ਨਾਲ ਮੀਟਿੰਗ ਵਿੱਚ ਟਰੂਡੋ ਨੇ ਆਖਿਆ ਕਿ ਉਨ੍ਹਾਂ ਸੱਭਨਾਂ ਨੂੰ ਗਲਤ ਜਾਣਕਾਰੀ ਦਿੱਤੀ ਜਾ ਰਹੀ ਤੇ ਕੂੜ ਪ੍ਰਚਾਰ ਵੀ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਦੀਆਂ ਜਮਹੂਰੀ ਕਦਰਾਂ ਕੀਮਤਾਂ ਨੂੰ ਵੀ ਹੌਲੇ ਵਿੱਚ ਲਿਆ ਜਾ ਰਿਹਾ ਹੈ। ਲੈਟਵੀਆ ਦੇ ਪ੍ਰਧਾਨ ਮੰਤਰੀ ਕ੍ਰਿਸਜਾਨੀਸ ਕਾਰੀਨਜ਼ ਨਾਲ ਮੁਲਾਕਾਤ ਤੇ ਲਿਥੁਆਨੀਆਂ ਤੇ ਐਸਟੋਨੀਆ ਦੇ ਹਮਰੁਤਬਾ ਅਧਿਕਾਰੀਆਂ ਨਾਲ ਟੈਲੀਕਾਨਫਰੰਸ ਵਿੱਚ ਟਰੂਡੋ ਨੇ ਇਹ ਟਿੱਪਣੀਆਂ ਕੀਤੀਆਂ। ਇਸ ਮੀਟਿੰਗ ਵਿੱਚ ਟਰੂਡੋ ਨਾਲ ਰੱਖਿਆ ਮੰਤਰੀ ਅਨੀਤਾ ਆਨੰਦ ਵੀ ਜੁੜੀ। ਜ਼ਿਕਰਯੋਗ ਹੈ ਕਿ ਕੈਨੇਡਾ ਨਾਟੋ ਬੈਟਲਗਰੁੱਪ ਦੀ ਅਗਵਾਈ ਕਰਦਾ ਹੈ।

## ਗੈਸ ਦੀਆਂ ਕੀਮਤਾਂ ਵਿੱਚ ਰਾਹਤ ਦੇਣ ਲਈ ਤਿਆਰ ਨਹੀਂ ਓਨਟਾਰੀਓ ਸਰਕਾਰ



ਓਨਟਾਰੀਓ, 8 ਮਾਰਚ (ਪੋਸਟ ਬਿਊਰੋ) : ਗੈਸ ਦੀਆਂ ਵਧੀਆਂ ਹੋਈਆਂ ਕੀਮਤਾਂ ਤੋਂ ਓਨਟਾਰੀਓ ਦੇ ਡਰਾਈਵਰਾਂ ਨੂੰ ਨੇੜ ਭਵਿੱਖ ਵਿੱਚ ਕੋਈ ਰਾਹਤ ਮਿਲਦੀ ਨਜ਼ਰ ਨਹੀਂ ਆ ਰਹੀ।

ਪਿਛਲੇ ਹਫਤਿਆਂ ਵਿੱਚ ਕੀਮਤਾਂ ਵਿੱਚ ਹੋਏ ਵਾਧੇ ਦਰਮਿਆਨ ਅਲਬਰਟਾ ਸਰਕਾਰ ਵੱਲੋਂ ਗੈਸ ਤੇ ਡੀਜ਼ਲ ਉੱਤੇ ਪ੍ਰਤੀ ਲੀਟਰ ਲਾਏ ਜਾਣ ਵਾਲੇ 13 ਸੈਂਟ ਦੇ ਟੈਕਸ ਉੱਤੇ ਆਰਜ਼ੀ ਤੌਰ ਉੱਤੇ ਰੋਕ ਲਾ ਦਿੱਤੀ ਗਈ ਹੈ। ਪਰ ਓਨਟਾਰੀਓ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਵੱਲੋਂ ਇਸ ਤਰ੍ਹਾਂ ਦਾ ਕੋਈ ਕਦਮ ਚੁੱਕੇ ਜਾਣ ਦੀ ਕੋਈ ਆਸ ਨਹੀਂ ਹੈ। ਐਨਰਜੀ ਮੰਤਰੀ ਟੌਡ ਸਮਿੱਥ ਨੇ ਆਖਿਆ ਕਿ ਓਨਟਾਰੀਓ ਵਿੱਚ ਅਸੀਂ ਪਹਿਲਾਂ ਹੀ ਮੋਟਰਿਸਟਸ ਨੂੰ ਰਾਹਤ ਦਿੱਤੀ ਹੋਈ ਹੈ। ਅਸੀਂ 2018 ਵਿੱਚ ਹੀ ਕੈਪ ਤੇ ਟਰੇਡ ਵਿੱਚ ਕਟੌਤੀ ਕਰ ਦਿੱਤੀ ਸੀ। ਉਸ ਨਾਲ ਗੈਸ ਦੀ ਕੀਮਤ 4.3 ਸੈਂਟ ਪ੍ਰਤੀ ਲੀਟਰ ਘੱਟ ਗਈ ਸੀ। ਇਸ ਦੇ ਨਾਲ ਹੀ ਅਸੀਂ ਫੈਡਰਲ ਸਰਕਾਰ ਤੋਂ ਵੀ ਮੰਗ ਕੀਤੀ ਹੈ ਕਿ ਉਹ ਟੈਕਸਾਂ ਵਿੱਚ ਕਟੌਤੀ ਕਰੇ।

ਸਮਿੱਥ ਨੇ ਆਖਿਆ ਕਿ ਸਰਕਾਰ ਨੇ ਲਾਇਸੰਸ ਪਲੇਟ ਸਟਿੱਕਰਜ਼ ਦੀ ਫੀਸ ਵੀ ਖਤਮ ਕਰ ਦਿੱਤੀ ਹੈ ਤੇ ਟੋਰਾਂਟੋ ਦੇ ਦੋ ਹਾਈਵੇਅ ਏਰੀਆ ਤੋਂ ਟੋਲ ਵੀ ਹਟਾ ਦਿੱਤਾ ਗਿਆ ਹੈ ਕਿਉਂਕਿ ਸਰਕਾਰ ਡਰਾਈਵਰਾਂ ਲਈ ਪੈਸਾ ਬਚਾਉਣਾ ਚਾਹੁੰਦੀ ਹੈ। ਇਸ ਦੀ ਥਾਂ ਉਨ੍ਹਾਂ ਓਟਵਾ ਦੇ ਆਗੂਆਂ ਨੂੰ ਕਾਰਬਨ ਟੈਕਸ ਵਿੱਚ ਵਾਧੇ ਉੱਤੇ ਰੋਕ ਲਾਉਣ ਦੀ ਮੰਗ ਕੀਤੀ ਹੈ।

## ਰੂਸ ਨੇ ਜੰਗਬੰਦੀ ਕਰਨ ਲਈ ਯੂਕਰੇਨ ਅੱਗੇ ਚਾਰ ਸ਼ਰਤਾਂ ਰੱਖੀਆਂ



ਮਾਸਕੋ, 8 ਮਾਰਚ, (ਪੋਸਟ ਬਿਊਰੋ)- ਯੂਕਰੇਨ-ਰੂਸ ਵਿੱਚ ਚੱਲਦੀ ਜੰਗ ਦੌਰਾਨ ਲਗਾਤਾਰ ਕੀਤੇ ਜਾ ਰਹੇ ਹਮਲਿਆਂ ਨੂੰ ਰੋਕਣ ਲਈ ਰੂਸ ਨੇ ਯੂਕਰੇਨ ਮੂਹਰੇ ਚਾਰ ਸ਼ਰਤਾਂ ਰੱਖੀਆਂ ਤੇ ਕਿਹਾ ਹੈ ਕਿ ਜੇ ਕੀਵ ਇਹ ਸ਼ਰਤਾਂ ਮੰਨ ਲਵੇ ਤਾਂ ਉਸ ਦੇ ਖਿਲਾਫ ਫੌਜੀ ਕਾਰਵਾਈ ਜਲਦੀ ਹੀ ਰੋਕ ਦਿੱਤੀ ਜਾਵੇਗੀ।

ਵਰਨਣ ਯੋਗ ਹੈ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨਵੱਲੋਂ ਕੀਤੇ ਐਲਾਨ ਨਾਲ 24 ਫਰਵਰੀ ਨੂੰ ਸ਼ੁਰੂ ਹੋਈ ਜੰਗ ਨੂੰ 12 ਦਿਨ ਲੰਘਣ ਪਿੱਛੋਂ ਵੀ ਦੋਵੇਂ ਦੇਸ਼ ਅਜੇ ਤੱਕ ਠੋਸ ਮੁੱਦੇ ਉੱਤੇ ਸਮਝੌਤੇ ਵੱਲ ਨਹੀਂ ਤੁਰ ਸਕੇ।ਇਨ੍ਹਾਂ ਦੋਵਾਂ ਵਿੱਚ ਤੀਸਰੇ ਦੌਰ ਦੀ ਗੱਲਬਾਤ ਬੀਤੇ ਸੋਮਵਾਰ ਹੋਈ ਸੀ, ਪਰ ਕੋਈ ਨਤੀਜਾ ਨਹੀਂ ਨਿਕਲਿਆ। ਰੂਸ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਕਿਹਾ ਕਿ ਮਾਸਕੋ ਨੇ ਕਿਹਾਹੈ ਕਿ ਯੂਕਰੇਨਅੱਗੋਂ ਫੌਜੀ ਕਾਰਵਾਈ ਬੰਦ ਕਰੇ, ਆਪਣੇ ਸੰਵਿਧਾਨ ਵਿੱਚ ਸੋਧ ਕਰ ਕੇ ਕ੍ਰੀਮੀਆ ਨੂੰ ਰੂਸ ਦੇ ਖੇਤਰ ਵਜੋਂ ਮਾਨਤਾ ਦੇਵੇ ਤੇ ਡੋਨੇਤਸਕ ਅਤੇ ਲੁਹਾਂਸਕ ਨੂੰ ਆਜ਼ਾਦ ਰਾਜਾਂ ਵਜੋਂ ਮਾਨਤਾ ਦੇਵੇ। ਖਾਸ ਗੱਲਹੈ ਕਿ 24 ਫਰਵਰੀ ਤੋਂ ਬਾਅਦ ਰੂਸ ਨੇ ਪਹਿਲੀ ਵਾਰ ਏਡਾ ਕਰੜਾ ਬਿਆਨ ਜਾਰੀ ਕੀਤਾ ਹੈ। ...ਬਾਕੀ ਪੰਨਾ 3 'ਤੇ

## ਚਾਈਲਡ ਕੇਅਰ ਡੀਲ ਬਾਰੇ ਫੈਡਰਲ ਸਰਕਾਰ ਨਾਲ ਗੱਲਬਾਤ ਦੇ ਅਗਲੇ ਪੜਾਅ ਵਿੱਚ ਦਾਖਲ ਹੋਇਆ ਓਨਟਾਰੀਓ



ਓਨਟਾਰੀਓ, 8 ਮਾਰਚ (ਪੋਸਟ ਬਿਊਰੋ): ਓਨਟਾਰੀਓ ਸਰਕਾਰ ਪ੍ਰੋਵਿੰਸ ਵਿੱਚ ਚਾਈਲਡਕੇਅਰ ਦੀ ਕੌਸਟ ਘਟਾਉਣ ਲਈ ਫੈਡਰਲ ਸਰਕਾਰ ਨਾਲ ਗੱਲਬਾਤ ਦੇ ਅਗਲੇ ਪੜਾਅ ਵਿੱਚ ਦਾਖਲ ਹੋ ਗਈ ਹੈ। ਇਸ ਫਾਈਲ ਦੇ ਇਨਚਾਰਜ ਫੈਡਰਲ ਮੰਤਰੀ ਦੇ ਬੁਲਾਰੇ ਵੱਲੋਂ ਇਹ ਜਾਣਕਾਰੀ ਦਿੱਤੀ ਗਈ।

ਫੈਡਰਲ ਸਰਕਾਰ ਨੇ ਓਨਟਾਰੀਓ ਨੂੰ ਸਾਲ 2022 ਦੇ ਅੰਤ ਤੱਕ ਚਾਈਲਡ ਕੇਅਰ ਦੀ ਔਸਤ ਕੀਮਤ ਘਟਾਉਣ ਲਈ 10.2 ਬਿਲੀਅਨ ਡਾਲਰ ਦੇ ਫੰਡ ਦੇਣ ਦੀ ਪੇਸ਼ਕਸ਼ ਕੀਤੀ ਸੀ। ਫੈਡਰਲ ਸਰਕਾਰ 2026 ਤੱਕ ਚਾਈਲਡ ਕੇਅਰ ਉੱਤੇ ਹੋਣ ਵਾਲਾ ਖਰਚਾ 10 ਡਾਲਰ ਪ੍ਰਤੀ ਦਿਨ ਤੱਕ ਲਿਆਉਣਾ ਚਾਹੁੰਦੀ ਹੈ। ...ਬਾਕੀ ਪੰਨਾ 3 'ਤੇ

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
Home | Auto | Business | Trucking | Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ
10-20% Discount
iccrc Raj Narang, Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

GET A $15
IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER



chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਰੂਸ ਨੇ ਜੰਗਬੰਦੀ ਕਰਨ ਲਈ ਯੂਕਰੇਨ ਅੱਗੇ ਚਾਰ ਸ਼ਰਤਾਂ ਰੱਖੀਆਂ


...ਪੰਨਾ 1 ਦਾ ਬਾਕੀ

ਸੰਸਾਰ ਪੱਧਰ ਦੀ ਖਬਰ ਏਜੰਸੀ ਰਾਂ-ਇਟਰਜ਼ ਨਾਲ ਗੱਲਬਾਤ ਵਿੱਚ ਰੂਸ ਸਰਕਾਰ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਕਿਹਾ ਕਿ ਯੂਕਰੇਨਸਾਡੀਆਂ ਸ਼ਰਤਾਂ ਤੋਂ ਜਾਣੂ ਸੀ ਤੇ ਉਸ ਨੂੰ ਦੱਸਿਆ ਗਿਆ ਹੈ ਕਿ ਲੜਾਈ ਇੱਕ ਪਲ ਵਿੱਚ ਬੰਦ ਹੋ ਸਕਦੀ ਹੈ। ਦਮਿਤਰੀ ਪੇਸਕੋਵ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਯੂਕਰੇਨ ਉੱਤੇਰੂਸਕੋਈ ਹੋਰ ਖੇਤਰੀ ਦਾਅਵੇ ਨਹੀਂ ਕਰੇਗਾ। ਉਸਨੇ ਇਹ ਵੀ ਕਿਹਾ ਕਿ ਇਹ ਸੱਚ ਨਹੀਂ ਕਿ ਉਹ ਕੀਵ ਦਾ ਸ਼ਹਿਰਮੰਗਦੇ ਹਨ।ਉਨ੍ਹਾਂ ਸਾਫ ਕਿਹਾ ਕਿ ਅਸੀਂ ਯੂਕਰੇਨਵਿੱਚਗੈਰ-ਫੌਜੀਕਰਨ (ਡੀਮਿਲੀਟਰਾਈਜ਼ੇਸ਼ਨ) ਕਰ ਰਹੇ ਹਾਂ ਤੇ ਇਹ ਪੂਰਾ ਕਰਾਂਗੇ। ਮੁੱਖ ਗੱਲ ਇਹ ਹੈ ਕਿ ਯੂਕਰੇਨ ਨੂੰ ਫੌਜੀ ਕਾਰਵਾਈ ਬੰਦ ਕਰਨੀ ਚਾਹੀਦੀ ਹੈ,ਉਹਕੋਈ ਗੋਲੀਬਾਰੀ ਨਹੀਂ ਕਰੇਗਾ।

ਰੂਸ ਨੇ ਉੱਤਰ, ਪੂਰਬ ਅਤੇ ਦੱਖਣ ਤੋਂ ਯੂਕਰੇਨ ਉੱਤੇ ਹਮਲਾ ਕੀਤਾ ਹੋਇਆ ਹੈ ਅਤੇ ਇਸ ਸਮੇਂ ਦੌਰਾਨ ਕੀਵ, ਖਾਰਕੀਵ ਤੇ ਮਾਰੀਉਪੋਲ ਸ਼ਹਿਰ ਵੱਧ ਪ੍ਰਭਾਵਿਤ ਹਨ। ਯੂਰਪ ਨੇ ਦੂਸਰੇ ਵਿਸ਼ਵ ਯੁੱਧ ਪਿੱਛੋਂ ਸਭ ਤੋਂ ਵੱਡਾ ਸ਼ਰਨਾਰਥੀ ਸੰਕਟ ਦੇਖਿਆ ਹੈ, ਜਿਸ ਕਾਰਨ ਦੁਨੀਆ ਦੇ ਕਈ ਦੇਸ਼ਾਂ ਨੇ ਰੂਸਵਿਰੁੱਧ ਨਾਰਾਜ਼ਗੀ ਜ਼ਾਹਰ ਕੀਤੀ ਤੇ ਅਮਰੀਕਾ ਸਮੇਤ ਕਈ ਦੇਸ਼ਾਂ ਨੇ ਮਾਸਕੋ ਉੱਤੇ ਪਾਬੰਦੀਆਂ ਲਾਈਆਂ ਹਨ।ਇੱਕ ਖਬਰ ਏਜੰਸੀ ਦੇ ਮੁਤਾਬਕ ਯੂ ਐੱਨ ਮਨੁੱਖੀ ਅਧਿਕਾਰ ਦਫਤਰ ਨੇ ਕਿਹਾ ਹੈ ਕਿ ਰੂਸ ਦੇ ਹਮਲੇ ਦੇਸ਼ੁਰੂ ਤੋਂ ਲੈ ਕੇ ਅੱਜ ਤੱਕ ਯੂਕਰੇਨਵਿੱਚ 406 ਨਾਗਰਿਕਾਂ ਦੀਆਂ ਮੌਤਾਂਅਤੇ ਬੀਤੇ ਐਤਵਾਰ ਅੱਧੀ ਰਾਤ ਤੱਕ 801 ਲੋਕਾਂ ਦੇ ਜ਼ਖਮੀ ਹੋਣ ਦੀ ਪੁਸ਼ਟੀ ਹੋਈ ਹੈ। ਮਨੁੱਖੀ ਅਧਿਕਾਰ ਦਫਤਰ ਨੇ ਕਿਹਾ ਕਿ ਉਹ ਇਸ ਬਾਰੇ ਸਖਤ ਪ੍ਰਕਿਰਿਆ ਵਰਤਦਾ ਅਤੇ ਪੁਸ਼ਟੀ ਤੋਂ ਬਾਅਦ ਹੀ ਜ਼ਖਮੀਆਂ ਦੀ ਜਾਣਕਾਰੀ ਦਿੰਦਾ ਹੈ।

# ਰੂਸ ਉੱਤੇ ਪੱਛਮ ਦੀਆਂ ਪਾਬੰਦੀਆਂ ਲਾਉਣ ਦੀ ਚੀਨ ਦੇ ਰਾਸ਼ਟਰਪਤੀ ਵੱਲੋਂ ਆਲੋਚਨਾ

ਬੀਜਿੰਗ, 8 ਮਾਰਚ, (ਪੋਸਟ ਬਿਊਰੋ)- ਚੀਨ ਸਰਕਾਰ ਦੇ ਬੁਲਾਰੇ ਮੁਤਾਬਕ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਤੇ ਜਰਮਨ ਚਾਂਸਲਰ ਓਲਾਫ਼ ਸ਼ਾਲਤਸ ਨਾਲ ਗੱਲਬਾਤਵਿੱਚਯੂਕਰੇਨਵਿਰੁੱਧ ਹਮਲੇ ਕਾਰਨਰੂਸ ਉੱਤੇਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਦੀ ਨਿੰਦਾ ਕੀਤੀ ਤੇ ਇਸ ਨੂੰ ਸਾਰਿਆਂ ਲਈ ਨੁਕਸਾਨਦੇਹ ਦੱਸਿਆ।ਇਹੀ ਨਹੀਂ, ਚੀਨ ਨੇ ਰੂਸ ਦਾ ਸਮੱਰਥਨ ਕਰਦਿਆਂ ਅਮਰੀਕਾ ਤੇ ਉਸ ਦੇ ਸਹਿਯੋਗੀ ਦੇਸ਼ਾਂ ਨੂੰ ਸੰਘਰਸ਼ ਨੂੰ ਭੜਕਾਉਣ ਦਾ ਦੋਸ਼ੀ ਵੀ ਠਹਿਰਾਇਆ ਹੈ।ਇਹ ਕਾਫੀ ਕਰੜਾ ਬਿਆਨ ਹੈ। ਵਰਨਣ ਯੋਗ ਹੈ ਕਿ ਯੂ ਐੱਨ ਓ ਵਿੱਚ



ਚੀਨ ਇਸ ਜੰਗ ਦੇ ਮੁੱਦੇ ਉੱਤੇ ਵੋਟਿੰਗ ਤੋਂ ਲਾਂਭੇ ਰਿਹਾ ਸੀ ਅਤੇ ਰੂਸ ਦੀ ਕਾਰਵਾਈ ਦੀ ਨਿੰਦਾ ਵਿੱਚ ਸ਼ਾਮਲ ਨਹੀਂ ਸੀ ਹੋਇਆ। ਅੱਜ ਮੰਗਲਵਾਰ ਦੀ ਗੱਲਬਾਤ ਬਾਰੇ ਚੀਨ ਦੇ ਸਰਕਾਰੀ ਚੈਨਲ ਸੀਸੀਟੀਵੀ ਦੀ ਰਿਪੋਰਟ ਮੁਤਾਬਕ ਸ਼ੀ ਜਿਨਪਿੰਗ ਨੇ ਰੂਸ-ਯੂਕਰੇਨ ਜੰਗ ਉੱਤੇ ਡੂੰਘਾ ਦੁੱਖ ਜਤਾਇਆ ਤੇ ਸਾਰੇ ਪੱਖਾਂ ਨੂੰ ਅਮਨਗੱਲਬਾਤਵਿੱਚ ਹਿੱਸਾ ਲੈਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਚੀਨ ਇਸਵਿੱਚ ਮਹੱਤਵਪੂਰਨ ਭੂਮਿਕਾ ਲਈ ਤਿਆਰ ਹੈ। ਸ਼ੀ ਜਿਨਪਿੰਗ ਨੇ ਕੋਈ ਸੰਕੇਤ ਨਹੀਂ ਦਿੱਤਾ ਕਿ ਚੀਨ ਇਸ ਸੰਘਰਸ਼ ਦਾ ਹੱਲ ਕਿੱਦਾਂ ਕਰਨਾ ਚਾਹੁੰਦਾ ਹੈ ਅਤੇ ਉਨ੍ਹਾਂ ਨੇ ਸਿਰਫ਼ ਉਹ ਵੇਰਵਾ ਦਿੱਤਾ, ਜੋ ਪਾਬੰਦੀਆਂ ਦੇ ਪ੍ਰਭਾਵ ਨਾਲ ਸਬੰਧਤ ਸੀ। ਸ਼ੀ ਜਿਨਪਿੰਗ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਅਸੀਂ ਸੰਕਟ ਦੇ ਨੈਗੇਟਿਵ ਪ੍ਰਭਾਵ ਘੱਟ ਕਰਨ ਲਈ ਮਿਲ ਕੇ ਕੋਸ਼ਿਸ਼ ਕਰਨਾ ਚਾਹੁੰਦੇ ਹਨ।

## ਭਾਰਤ ਵਿੱਚੋਂ ਵਿਦੇਸ਼ਾਂ ਲਈ ਪੈਸੰਜਰ ਫਲਾਈਟਾਂ 27 ਮਾਰਚ ਤੋਂ ਫਿਰ ਸ਼ੁਰੂ ਹੋਣਗੀਆਂ

ਨਵੀਂ ਦਿੱਲੀ, 8 ਮਾਰਚ, (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਸ਼ਡਿਊਲਡ ਅੰਤਰਰਾਸ਼ਟਰੀ ਫਲਾਈਟਾਂ 27 ਮਾਰਚ ਤੋਂ ਫਿਰ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਕੋਵਿਡ-19 ਮਹਾਮਾਰੀਕਾਰਨ ਭਾਰਤ ਨੇਸ਼ਡਿਊਲਡ ਅੰਤਰਰਾਸ਼ਟਰੀ ਉਡਾਣਾਂ 23 ਮਾਰਚ2020 ਤੋਂ ਮੁਲਤਵੀ ਕੀਤੀਆਂ ਸਨਅਤੇਜੁਲਾਈ 2020 ਤੋਂ ਕਰੀਬ 35 ਦੇਸ਼ਾਂ ਨਾਲ 'ਏਅਰ ਬਬਲ' ਵਿਵਸਥਾ ਹੇਠ ਭਾਰਤ ਤੋਂ ਅੰਤਰਰਾਸ਼ਟਰੀ ਉਡਾਣਾਂ ਦੀ ਆਵਾਜਾਈ ਹੋ ਰਹੀ ਹੈ। ਇਸ ਬਾਰੇ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਜਿਓਤੀਰਾਦਿਤਿਆ ਸਿੰਧੀਆ ਨੇ ਕਿਹਾ ਕਿ ਟੂਰਿਜ਼ਮ ਨਾਲ ਜੁੜੇ ਲੋਕਾਂ ਨਾਲ ਸਲਾਹ ਅਤੇ ਕੋਰੋਨਾ ਦੇ ਨਵੇਂ ਕੇਸਾਂ ਦੀ ਕਮੀ ਦੇਖ ਕੇ ਅਸੀਂ ਫਿਰ 27 ਮਾਰਚ ਤੋਂ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਏਅਰ ਬਬਲ ਹਟਾ ਦਿੱਤਾ ਹੈ। ਹਵਾਬਾਜ਼ੀ ਮੰਤਰਾਲਾ ਨੇ ਬਿਆਨਵਿੱਚ ਕਿਹਾ ਕਿ 27 ਮਾਰਚ ਤੋਂ ਅੰਤਰਰਾਸ਼ਟਰੀ ਉਡਾਣਾਂ ਦਾ ਚਲਾਉਣ ਦਾ ਕੰਮ ਸਿਹਤ ਮੰਤਰਾਲਾ ਦੇ 10 ਫਰਵਰੀ ਦੇ ਨਿਰਦੇਸ਼ਾਂ ਦੀ ਸਖਤੀ ਨਾਲ ਪਾਲਣਾਨਾਲ ਕੀਤਾ ਜਾਵੇਗਾ। ਬਿਆਨ-ਮੁਤਾਬਕ ਵਿਸ਼ਵਵਿੱਚ ਕੋਰੋਨਾ ਰੋਕਥਾਮ ਟੀਕਾਕਰਨ ਮੁਹਿੰਮ ਨੂੰ ਮਾਨਤਾ ਦੇਣ ਤੇ ਟੂਰਿਜ਼ਮ ਨਾਲ ਜੁੜੇ ਲੋਕਾਂ ਨਾਲ ਸਲਾਹ ਤੋਂ ਬਾਅਦ ਸਰਕਾਰ ਨੇ 27 ਮਾਰਚ ਤੋਂ ਭਾਰਤ ਤੋਂ ਆਉਣ-ਜਾਣ ਲਈਸਭ ਸ਼ਡਿਊਲਡ ਅੰਤਰਰਾਸ਼ਟਰੀ ਯਾਤਰੀ ਸੇਵਾਵਾਂ ਨੂੰ ਫਿਰ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।

# ਮਹਿਲਾ ਤੇ ਬੱਚਿਆਂ ਨੂੰ ਜ਼ਖ਼ਮੀ ਕਰਨ ਵਾਲੇ ਵਿਅਕਤੀ ਉੱਤੇ ਕਤਲ ਕਰਨ ਦੀ ਕੋਸ਼ਿਸ਼ ਕਰਨ ਦੇ ਲੱਗੇ ਚਾਰਜਿਜ਼

ਮਿਸੀਸਾਗਾ, 8 ਮਾਰਚ (ਪੋਸਟ ਬਿਊਰੋ) :ਮਿਸੀਸਾਗਾ ਦੇ ਘਰ ਵਿੱਚ ਇੱਕ ਮਹਿਲਾ ਤੇ ਦੋ ਬੱਚਿਆਂ ਨੂੰ ਜ਼ਖ਼ਮੀ ਕਰਨ ਦੇ ਸਬੰਧ ਵਿੱਚ ਇੱਕ ਵਿਅਕਤੀ ਨੂੰ ਕਈ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਸ ਖਿਲਾਫ ਕਤਲ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਵੀ ਲਗਾਇਆ ਗਿਆ ਹੈ।

ਸੋਮਵਾਰ ਨੂੰ ਘਰੇਲੂ ਵਿਵਾਦ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਪੀਲ ਰੀਜਨਲ ਪੁਲਿਸ ਸਵੇਰੇ 10:00 ਵਜੇ ਸਾਊਥੈਂਪਟਨ ਡਰਾਈਵ ਤੇ ਐਗਲਿੰਟਨ ਐਵਨਿਊ ਵੈਸਟ ਸਥਿਤ ਘਰ ਪਹੁੰਚੀ। ਪੁਲਿਸ ਨੂੰ ਘਰ ਦੇ ਬਾਹਰ ਇੱਕ ਮਹਿਲਾ ਜ਼ਖ਼ਮੀ ਹਾਲਤ ਵਿੱਚ ਮਿਲੀ। ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਇਸੇ ਘਰ ਵਿੱਚੋਂ ਇੱਕ 11 ਸਾਲਾ ਬੱਚੇ ਨੂੰ ਵੀ ਗੰਭੀਰ ਜ਼ਖ਼ਮੀ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ, ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਪੁਲਿਸ ਨੇ ਦੱਸਿਆ ਕਿ ਉਸ ਘਰ ਵਿੱਚੋਂ ਇੱਕ ਦੋ ਸਾਲ ਦਾ ਹੋਰ ਨਿੱਕਾ ਬੱਚਾ ਵੀ ਮਿਲਿਆ ਪਰ ਉਸ ਨੂੰ ਕੋਈ ਸੱਟ ਫੇਟ ਲੱਗੀ ਨਹੀਂ ਦੱਸੀ ਜਾਂਦੀ।





ਮੌਕੇ ਉੱਤੇ ਪਹੁੰਚੀ ਪੁਲਿਸ ਵੱਲੋਂ ਘਰ ਵਿੱਚ ਮੌਜੂਦ ਵਿਅਕਤੀ, ਜੋ ਕਿ ਪੂਰੀ ਤੈਸ਼ ਵਿੱਚ ਸੀ, ਨਾਲ ਗੱਲ ਕੀਤੀ ਗਈ ਪਰ ਇਸ ਦੌਰਾਨ ਇੱਕ ਪੁਲਿਸ ਅਧਿਕਾਰੀ ਵੱਲੋਂ ਗੋਲੀ ਚਲਾ ਦਿੱਤੀ ਗਈ। ਪੀਲ ਪੁਲਿਸ ਨੇ ਦੱਸਿਆ ਕਿ ਮਿਸੀਸਾਗਾ ਦੇ 47 ਸਾਲਾ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਤੇ ਗੰਭੀਰ ਜ਼ਖ਼ਮੀ ਹਾਲਤ ਵਿੱਚ ਉਸ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ।

ਮੰਗਲਵਾਰ ਨੂੰ ਇਸ ਵਿਅਕਤੀ ਉੱਤੇ ਕਤਲ ਕਰਨ ਦੀ ਕੋਸ਼ਿਸ਼ ਕਰਨ ਤੇ ਗੁੱਸੇ ਨਾਲ ਹਮਲਾ ਕਰਨ ਦੇ ਤਿੰਨ ਮਾਮਲੇ ਦਰਜ ਕੀਤੇ ਗਏ। ਇਨ੍ਹਾਂ ਤੋਂ ਇਲਾਵਾ ਵੀ ਉਸ ਉੱਤੇ ਕਈ ਮਾਮਲੇ ਦਰਜ ਕੀਤੇ ਗਏ। ਇਨਵੈਸਟੀਗੇਟਿਵ ਤੇ ਐਮਰਜੰਸੀ ਸਰਵਿਸਿਜ਼ ਦੇ ਡਿਪਟੀ ਚੀਫ ਨਿੱਕ ਮਿਲੀਨੋ ਵਿਚ ਨੇ ਇੱਕ ਨਿਊਜ਼ ਰਲੀਜ਼ ਵਿੱਚ ਆਖਿਆ ਕਿ ਇਸ ਘਟਨਾ ਦਾ ਜਿਉਂਦੇ ਬਚੇ ਲੋਕਾਂ ਤੇ ਇਸ ਸੱਭ ਕਾਸੇ ਨੂੰ ਵੇਖਣ ਵਾਲਿਆਂ ਉੱਤੇ ਮਾੜਾ ਅਸਰ ਪਿਆ ਹੈ।

# ਚਾਈਲਡ ਕੇਅਰ ਡੀਲ ਬਾਰੇ ਫੈਡਰਲ ਸਰਕਾਰ ਨਾਲ ਗੱਲਬਾਤ ਦੇ ਅਗਲੇ ਪੜਾਅ ਵਿੱਚ ਦਾਖਲ ਹੋਇਆ ਓਨਟਾਰੀਓ

...ਪੰਨਾ 1 ਦਾ ਬਾਕੀ

ਪਰ ਅਜੇ ਤੱਕ ਫੋਰਡ ਸਰਕਾਰ ਫੈਡਰਲ ਸਰਕਾਰ ਨਾਲ ਕਿਸੇ ਤਰ੍ਹਾਂ ਦੀ ਡੀਲ ਉੱਤੇ ਪਹੁੰਚਣ ਵਿੱਚ ਅਸਫਲ ਰਹੀ ਹੈ। ਅਜਿਹਾ ਕਰਨ ਕਾਰਨ ਸਿਰਫ ਓਨਟਾਰੀਓ ਹੀ ਅਜਿਹਾ ਪ੍ਰੋਵਿੰਸ ਬਚਿਆ ਹੈ ਜਿਸ ਨੇ ਫੈਡਰਲ ਸਰਕਾਰ ਨਾਲ 30 ਬਿਲੀਅਨ ਡਾਲਰ ਦਾ ਇਹ ਸਮਝੌਤਾ ਸਿਰੇ ਨਹੀਂ ਚੜ੍ਹਾਇਆ। ਫੈਮਿਲੀਜ਼, ਚਿਲਡਰਨ ਤੇ ਸੋਸ਼ਲ ਡਿਵੈਲਪਮੈਂਟ ਸਬੰਧੀ ਫੈਡਰਲ ਮੰਤਰੀ ਕਰੀਨਾ ਗੋਲਡ ਦੇ ਤਰਜ਼ਮਾਨ ਨੇ ਆਖਿਆ ਕਿ ਪਿਛਲੇ ਹਫਤੇ ਓਨਟਾਰੀਓ ਸਰਕਾਰ ਵੱਲੋਂ ਇਨ੍ਹਾਂ ਫੰਡਾਂ ਨੂੰ ਖਰਚ ਕਰਨ ਸਬੰਧੀ ਐਕਸ਼ਨ ਪਲੈਨ ਦਾ ਪਹਿਲਾ ਖਰੜਾ ਜਮ੍ਹਾਂ ਕਰਵ-ਾਇਆ ਗਿਆ ਹੈ। ਇਸ ਨਾਲ ਇਸ ਮੁੱਦੇ ਉੱਤੇ ਗੱਲਬਾਤ ਅਗਲੇ ਪੜਾਅ ਵਿੱਚ ਲਿਜਾਣ ਵਿੱਚ ਮਦਦ ਮਿਲੇਗੀ।





# ਜ਼ੇਲੇਂਸਕੀ ਨੇ ਲੋਕ ਕੱਢਣ ਲਈ ਹੋਰ ਮਨੁੱਖੀ ਗਲਿਆਰਿਆਂ ਦੀ ਅਪੀਲ ਕੀਤੀ

*** ਅਮਰੀਕਾ ਨੇ ਰੂਸ ਤੋਂ ਤੇਲ ਤੇ ਗੈਸ ਦੀ ਖਰੀਦ ਉੱਤੇ ਪਾਬੰਦੀ ਲਾਈ**

ਕੀਵ, 8 ਮਾਰਚ, (ਪੋਸਟ ਬਿਊਰੋ)- ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਰੂਸ ਨਾਲ ਜੰਗ ਦੌਰਾਨ ਉਸ ਦੇ ਪ੍ਰਭਾਵ ਵਾਲੇ ਖੇਤਰ ਤੋਂਸੁਰੱਖਿਅਤ ਨਿਕਾਸੀ ਦੀ ਕੋਸ਼ਿਸ਼ ਕਰਦੇ ਆਮ ਯੂਕਰੇਨੀ ਨਾਗਿਰਕਾਂ ਲਈ ਮਨੁੱਖੀ ਗਲਿਆਰੇ ਵਧਾਉਣ ਅਤੇ ਰੈੱਡ ਕ੍ਰਾਸ ਤੋਂ ਹੋਰ ਵੱਧ ਸਹਿਯੋਗ ਦੀ ਮੰਗ ਕੀਤੀ ਹੈ।

ਕਿਸੇ ਅਣਜਾਣੀ ਥਾਂ ਤੋਂ ਅੱਜ ਮੰਗਲਵਾਰ ਵੀਡੀਓ ਸੰਦੇਸ਼ਵਿੱਚਯੂਕਰੇਨੀ ਰਾਸ਼ਟਰਪਤੀ ਜ਼ੇਲੇਂਸਕੀਨੇ ਕਿਹਾ ਕਿ ਦੱਖਣੀ ਸਮੁੰਦਰੀ ਬੰਦਰਗਾਹ ਵਾਲੇ ਸ਼ਹਿਰ ਮਾਰਿਊਪੋਲਵਿੱਚ ਨਾਕੇਬੰਦੀ ਹੇਠ ਸਰੀਰਵਿੱਚ ਪਾਣੀ ਦੀ ਕਮੀ ਕਾਰਨ ਇੱਕ ਬੱਚੇ ਦੀ ਮੌਤ ਹੋ ਗਈ, ਜਿਹੜੀਦੱਸਦੀ ਹੈ ਕਿ ਲੋਕ ਕਿੰਨੇ ਦੁਖੀ ਹਨ। ਉਨ੍ਹਾਂ ਨੇ ਪੱਛਮੀ ਦੇਸ਼ਾਂ ਤੋਂ ਹਵਾਈ ਮਦਦ ਮੰਗਦੇ ਹੋਏ ਫਿਰ ਕਿਹਾ ਕਿ ਨਿਕਾਸੀ ਬੱਸਾਂ ਨੂੰ



ਮਾਰਿਊਪੋਲ ਭੇਜਿਆ ਹੈ, ਪਰ ਰਾਹਾਂਬਾਰੇ ਠੋਸ ਸਹਿਮਤੀ ਨਾਹੋਣ ਕਰ ਕੇਰੂਸੀ ਫੌਜੀ ਰਸਤੇਵਿੱਚ ਇਨ੍ਹਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ। ਜ਼ੇਲੇਂਸਕੀ ਨੇ ਦੋਸ਼ ਲਾਇਆ ਕਿ ਅੰਤਰਰਾਸ਼ਟਰੀ ਰੈੱਡ ਕ੍ਰਾਸ ਨੇ ਸਾਡੀਆਂ ਕਾਰਾਂ ਉੱਤੇਆਪਣੇ ਲੋਗੋ ਦੀ ਵਰਤੋਂ ਰੋਕਦਿੱਤੀ ਹੈ, ਪਰ ਉਨ੍ਹਾਂ ਨੇ ਇਸ ਦਾ ਵੇਰਵਾ ਨਹੀਂ ਦਿੱਤਾ। ਸੂਮੀ ਸ਼ਹਿਰ ਤੋਂ ਨਿਕਲ ਕੇ ਮਾਰਿਊਪੋਲ ਵੱਲ ਜਾਂਦੀਆਂ ਬੱਸਾਂ ਦੀਆਂ ਵੀਡੀਓਵਿੱਚ ਬੱਸਾਂ ਦੇ ਪਾਸੇ ਉੱਤੇ 'ਰੈੱਡ ਕ੍ਰਾਸ' ਦੇ ਸੰਕੇਤ ਸਨ, ਪਰ ਇਹ ਸਪੱਸ਼ਟ ਨਹੀਂ ਕਿ ਓਥੇਉਹ ਕਿਸ ਨੇ ਲਾਏ ਹਨ।

ਇਸ ਦੌਰਾਨ ਜੈਨੇਵਾ ਵਿੱਚ ਯੂ ਐੱਨ ਏਜੰਸੀ ਅਨੁਸਾਰ ਯੂਕਰੇਨ ਛੱਡ ਗਏ ਲੋਕਾਂ ਦੀ ਗਿਣਤੀ ਮੰਗਲਵਾਰ ਨੂੰ 20 ਲੱਖ ਤੱਕ ਪਹੁੰਚ ਗਈ ਹੈ, ਜੋ ਦੂਸਰੇ ਵਿਸ਼ਵ ਯੁੱਧ ਪਿੱਛੋਂ ਯੂਰਪ ਵਿੱਚ ਸਭ ਤੋਂ ਵੱਡੀ ਹਿਰਜਤ ਹੈ। ਸ਼ਰਨਾਰਥੀਆਂ ਲਈ ਯੂ ਐੱਨ ਹਾਈ ਕਮਿ-ਸ਼ਨਰ ਫਿਲਿਪੋ ਗ੍ਰਾਂਡੀ ਨੇ ਟਵਿੱਟਰ ਉੱਤੇ ਲਿਖਿਆ, 'ਅੱਜਯੂਕਰੇਨ ਛੱਡਣ ਵਾਲੇ ਸ਼ਰਨਾਰਥੀਆਂ ਦੀ ਗਿਣਤੀ 20 ਲੱਖ ਹੋ ਗਈ ਹੈ।' ਇਹ ਜਾਣਕਾਰੀ ਓਦੋਂ ਦਿੱਤੀ ਗਈ ਹੈ, ਜਦੋਂ ਸੁਰੱਖਿਅਤ ਗਲਿਆਰਿਆਂ ਤੋਂ ਨਾਗਰਿਕਾਂ ਨੂੰ ਕੱਢਣ ਦੀਆਂ ਕੋਸ਼ਿਸ਼ਾਂ ਦੇ ਲਈ ਕੁਝ ਉਮੀਦ ਦਿਖਾਈ ਦਿੱਤੀ ਹੈ।

ਦੂਸਰੇ ਪਾਸੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਯੂਕਰੇਨ ਉੱਤੇਰੂਸ ਦੇ ਹਮਲੇ ਦੇ ਜਵਾਬਵਿੱਚਰੂਸ ਦੀ ਅਰਥਵਿਵਸਥਾ ਨੂੰ ਹੋਰ ਕਮਜ਼ੋਰ ਕਰਨ ਲਈਅੱਜ ਐਲਾਨ ਕੀਤਾ ਕਿ ਅਮਰੀਕਾ, ਰੂਸ ਤੋਂ ਤੇਲ ਦੀ ਇੰਪੋਰਟ ਅਤੇ ਗੈਸ ਉੱਤੇ ਪਾਬੰਦੀਆਂ ਲਾਵੇਗਾ, ਪਰ ਉਨ੍ਹਾਂ ਨੇ ਮੰਨਿਆ ਕਿ ਇਸ ਨਾਲ ਅਮਰੀਕੀਆਂ ਦੇ ਲਈ ਗੈਸ ਉੱਤੇ ਲਾਗਤ ਵਧ ਜਾਵੇਗੀ। ਇਹ ਕਾਰਵਾਈ ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਵੱਲੋਂ ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਤੋਂ ਰੂਸ ਦੀ ਇੰਪੋਰਟਵਿੱਚ ਕਟੌਤੀ ਕਰਨ ਦੀ ਅਪੀਲ ਕਰਨ ਤੋਂ ਬਾਅਦ ਹੋਈ ਹੈ।















## ਅੱਜ ਨਾਮਾ

ਐਗਜ਼ਿਟ ਪੋਲ ਜਦ ਗਿਆ ਰਿਲੀਜ਼ ਕੀਤਾ,
ਪਾਰਟੀ ਇੱਕ ਦੇ ਲੀਡਰ ਪਏ ਨੱਚ ਮੀਆਂ।
ਆਖਣ ਚਾਟੜੇ ਉਨ੍ਹਾਂ ਦੇ ਬਾਤ ਬਣ ਗਈ,
ਇਹੋ ਈ ਹੋਣਾ ਹੈ ਆਖਰ ਨੂੰ ਸੱਚ ਮੀਆਂ।
ਆਏ ਜਿਨ੍ਹਾਂ ਦੇ ਉਲਟ ਨੇ ਪੋਲ ਐਗਜ਼ਿਟ,
ਸੁਣਦਿਆਂ ਸਾਰ ਹੀ ਗਏ ਆ ਮੱਚ ਮੀਆਂ।
ਕਹਿੰਦੇ ਹੁੰਦੇ ਨਹੀਂ ਕਦੀ ਇਤਬਾਰ ਵਾਲੇ,
ਨਿਕਲੇ ਕਈ ਵਾਰੀ ਪਹਿਲਾਂ ਕੱਚ ਮੀਆਂ।
ਦਿਨ ਤਾਂ ਇੱਕ ਹੈ ਰਹਿੰਦੜਾ ਕੁੱਲ ਬਾਕੀ,
ਕੱਚ-ਸੱਚ ਦਾ ਭਰਮ ਜਿਹਾ ਲਹਿ ਜਾਣਾ।
ਜਿਹੜੇ ਜਿੱਤਣਗੇ, ਕਰਨਗੇ ਰਾਜ ਮੀਆਂ,
ਪਾ-ਪਾਨੀਵੀਂਆਂ ਬਾਕੀਆਂ ਬਹਿ ਜਾਣਾ।

**ਤੀਸ ਮਾਰ ਖਾਂ**

# ਬਿਕਰਮ ਮਜੀਠੀਆ ਨੂੰ 22 ਮਾਰਚ ਤੱਕ ਫਿਰ ਜੇਲ੍ਹ ਭੇਜ ਦਿੱਤਾ ਗਿਆ

*** ਅਕਾਲੀ ਉਮੀਦਵਾਰ ਨਤੀਜੇ ਵਾਲੇ ਦਿਨ ਵੀ ਜੇਲ੍ਹ ਵਿੱਚ ਰਹੇਗਾ**



ਚੰਡੀਗੜ੍ਹ, 8 ਮਾਰਚ, (ਪੋਸਟ ਬਿਊਰੋ)- ਪੰਜਾਬ ਦੇ ਬਹੁ-ਚਰਚਿਤ ਡਰੱਗਜ਼ ਕੇਸ ਵਿੱਚ ਪਟਿਆਲੇ ਦੀ ਜੇਲ੍ਹਵਿੱਚ ਬੰਦ ਸੀਨੀਅਰ ਅਕਾਲੀ ਦਲ ਆਗੂ ਬਿਕਰਮ ਸਿੰਘ ਮਜੀਠੀਆ ਦੀ ਜੁਡੀਸ਼ਲ ਹਿਰਾਸਤ ਖ਼ਤਮ ਹੋਣ ਉੱਤੇਉਸ ਨੂੰ ਇਸ ਕੇਸ ਵਿੱਚਮੋਹਾਲੀ ਅਦਾਲਤ ਨੇ 8 ਮਾਰਚ ਤੱਕ ਪਟਿਆਲਾ ਜੇਲ੍ਹਭੇਜਿਆ ਸੀ।ਅੱਜ ਪੇਸ਼ੀ ਉੱਤੇ ਉਸ ਨੂੰ ਮੁਹਾਲੀ ਅਦਾਲਤ ਨੇ ਫਿਰ 22 ਮਾਰਚ ਤੱਕ ਜੁਡੀਸ਼ਲ ਹਿਰਾਸਤਵਿੱਚ ਜੇਲ੍ਹ ਭੇਜ ਦਿੱਤਾ ਹੈ।ਸਾਫ ਹੈ ਕਿ ਪੰਜਾਬ ਵਿਧਾਨ ਸਭਾ ਦੇ ਹਲਕਾ ਅੰਮ੍ਰਿਤਸਰ ਪੂਰਬੀ ਤੋਂ ਅਕਾਲੀ ਉਮੀਦਵਾਰ ਬਿਕਰਮ ਸਿੰਘ ਮਜੀਠੀਆ ਨਤੀਜੇ ਵੇਲੇ ਵੀ ਜੇਲ੍ਹ ਰਹੇਗਾ। ਬਿਕਰਮ ਸਿੰਘ ਮਜੀਠੀਆ ਉਸ ਹਲਕੇ ਤੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਮੁਕਾਬਲੇ ਚੋਣ ਲੜ ਰਹੇ ਹਨ।

ਅੱਜ ਪੇਸ਼ੀ ਮੌਕੇ ਬਿਕਰਮ ਸਿੰਘ ਮਜੀਠੀਆ ਨੇ ਮੀਡੀਆ ਨੂੰ ਕਿਹਾ, 'ਕਾਂਗਰਸ ਸ਼ੁਰੂ ਤੋਂ ਚਾਹੁੰਦੀ ਸੀ ਕਿ ਮੈਂ ਚੋਣ ਨਾ ਲੜ ਸਕਾਂ।'ਮੁੱਛਾਂ ਨੂੰ ਵੱਟ ਦਿੰਦੇ ਹੋਏ ਅਕਾਲੀ ਆਗੂ ਨੇ ਕਿਹਾ ਕਿ'ਬਿਕਰਮ ਸਿੰਘ ਮਜੀਠੀਆ ਹਮੇਸ਼ਾ ਚੜ੍ਹਦੀ ਕਲਾਵਿੱਚ ਹੈ। ਲੋਕਤੰਤਰ ਦੇ ਘਾਣ ਉੱਤੇ ਅਦਾਲਤ ਨੇ ਚਿੰਤਾ ਜਤਾਈ ਹੈ। ਸਰਕਾਰਾਂ ਧੱਕਾ ਕਰਦੀਆਂ ਨੇ, ਮੈਂ ਸੁਪਰੀਮ ਕੋਰਟ ਦੀ ਛੋਟਨਾਲ ਚੋਣ ਲੜੀ ਹੈ, ਸਰਕਾਰਾਂ ਆਪਣਾ ਕੰਮ ਕਰਨ। ਮੈਂ ਕਾਨੂੰਨ ਦੀ ਪਾਲਣਾ ਕਰਨ ਵਾਲਾ ਨਾਗਰਿਕ ਹਾਂ, ਜਿੱਤ ਸੱਚਾਈ ਦੀ ਹੋਵੇਗੀ, ਮੈਂ ਉਸ ਨੂੰ ਸਮਰਪਿਤ ਹਾਂ। ਇਹ ਮੇਰਾ ਮਨੋਬਲ ਨਹੀਂ ਤੋੜ ਸਕਦੇ।' ਇਸ ਦੇ ਨਾਲ ਐਗਜ਼ਿਟ ਪੋਲ ਦੇ ਨਤੀਜਿਆ ਬਾਰੇ ਮਜੀਠੀਆ ਨੇ ਕਿਹਾ ਕਿ 'ਐਗਜ਼ਟਿ ਪੋਲ ਤੇ ਅਸਲ ਨਤੀਜੇ ਦਾ ਫਰਕ ਹੁੰਦਾ ਹੈ। ਇਹ ਆਮ ਆਦਮੀ ਪਾਰਟੀ ਨੂੰ ਫਿਕਰ ਚਾਹੀਦਾ ਹੈ। ਪਿਛਲੀ ਵਾਰ ਆਮ ਆਦਮੀ ਪਾਰਟੀ ਨੂੰ 100 ਸੀਟਾਂ ਐਗਜ਼ਿਟ ਪੋਲਵਿੱਚ ਮਿਲ ਰਹੀਆਂ ਸਨ ਅਤੇ ਨਤੀਜਿਆਂ ਵਿੱਚਉਸ 20 ਸੀਟਾਂ ਮਿਲੀਆਂ ਸੀ। ਇਸ ਵਾਰ ਇਨ੍ਹਾਂ ਨੂੰ 50 ਸੀਟਾਂ ਦੇ ਰਹੇ ਹਨ, ਕਿਤੇ ਇਸ ਵਾਰ ਆਮ ਆਦਮੀ ਪਾਰਟੀ 10 ਉੱਤੇ ਨਾ ਰਹਿ ਜਾਏ।'

## ਬ੍ਰਾਜ਼ੀਲ ਦੇ ਨੇਤਾ ਵੱਲੋਂ ਯੂਕਰੇਨ ਦੀਆਂ ਔਰਤਾਂ ਬਾਰੇ ਬੇਹੂਦਾ ਬਿਆਨ ਤੋਂ ਹੰਗਾਮਾ



ਸਾਓ ਪਾਓਲੋ, 8 ਮਾਰਚ, (ਪੋਸਟ ਬਿਊਰੋ)- ਰੂਸੀ ਹਮਲਿਆਂ ਹੇਠ ਯੂਕਰੇਨ ਵਿੱਚ ਜਾਨ-ਮਾਲ ਦਾ ਭਾਰੀ ਨੁਕਸਾਨ ਹੋਣ ਦੇ ਨਾਲ ਲੱਖਾਂ ਯੂਕਰੇਨੀ ਲੋਕ ਸ਼ਰਨਾਰਥੀ ਬਣ ਗਏ ਹਨ। ਇਹ ਲੋਕ ਕੜਾਕੇ ਦੀ ਠੰਢ ਵਿੱਚ ਖੁੱਲ੍ਹੇ ਥਾਂ ਬੈਠੇ ਹਨ। ਦੁਖਾਂਤ ਦੇ ਦੌਰਾਨ ਬ੍ਰਾਜ਼ੀਲ ਦੇ ਇੱਕ ਸੱਜੇ ਪੱਖੀ ਨੇਤਾ ਦਾ ਬਹੁਤ ਬੇਹੂਦਾ ਬਿਆਨ ਆਇਆ ਹੈ।

ਸਾਓ ਪਾਓਲੋ ਦੇ ਪਾਰਲੀਮੈਂਟ ਮੈਂਬਰ ਆਰਥਰ ਡੋ ਵਾਲ (35), ਜਿਹੜੇ ਡਿਪਲੋਮੈਟਿਕ ਮਿਸ਼ਨਵਾਸਤੇਯੂਕਰੇਨ ਗਏ ਸਨ, ਨੇ ਕਿਹਾ ਹੈ ਕਿ ਯੂਕਰੇਨੀ ਔਰਤਾਂ 'ਸਸਤੀਆਂ' ਅਤੇ ਬਹੁਤ 'ਸੈਕਸੀ' ਹਨ। ਉਸ ਦੀ ਲੀਕ ਹੋਈ ਰਿਕਾਰਡਿੰਗ ਦੇ ਨਾਲ ਬ੍ਰਾਜ਼ੀਲ ਦੇ ਮੀਡੀਆ ਵਿੱਚ ਹੰਗਾਮਾ ਮੱਚ ਗਿਆ ਹੈ। ਲੱਖਾਂ ਯੂਕਰੇਨੀਆਂ ਦੀ ਮੁਸ਼ਕਲ ਦੌਰਾਨ ਇਹ ਭੱਦਾ ਬਿਆਨ ਦੇਣ ਲਈ ਉਨ੍ਹਾਂ ਦੀ ਹਰ ਪਾਸੇ ਸਖ਼ਤ ਆਲੋਚਨਾ ਹੋ ਰਹੀ ਹੈ।

ਪਾਰਲੀਮੈਂਟ ਮੈਂਬਰ ਆਰਥਰ ਨੇ ਇਸ ਵਿੱਚ ਕਿਹਾ ਹੈ, 'ਮੈਂ ਹੁਣੇ ਪੈਦਲ ਯੂਕਰੇਨ-ਸਲੋਵਾਕੀਆ ਸਰਹੱਦ ਪਾਰ ਕੀਤੀ ਹੈ। ਭਰਾ, ਮੈਂ ਸਹੁੰ ਖਾ ਕੇ ਕਹਿੰਦਾ ਹਾਂ ਕਿ ਸੋਹਣੀਆਂ ਕੁੜੀਆਂ ਦੇ ਕੇਸ ਵਿਚ ਮੈਂ ਪਹਿਲਾਂ ਕਦੇ ਅਜਿਹਾ ਕੁਝ ਨਹੀਂ ਦੇਖਿਆ। ਸ਼ਰਨਾਰਥੀਆਂ ਦਾ ਹੜ੍ਹ, ਇਹ 200 ਮੀਟਰ ਲੰਬਾ ਜਾਂ ਇਸ ਤੋਂ ਵੱਧ ਹੈ, ਜਿਸ ਵਿਚ ਸੋਹਣੀਆਂ ਕੁੜੀਆਂ ਹਨ।' ਅਖਬਾਰ ਗਾਰਡੀਅਨ ਦੀ ਰਿਪੋਰਟ ਮੁਤਾਬਕ ਆਰਥਰ ਨੇ ਅੱਗੇ ਕਿਹਾ ਕਿ ਕੁੜੀਆਂ ਦੀ ਲਾਈਨ ਇੰਨੀ ਖੂਬਸੂਰਤ ਹੈ ਕਿ ਬ੍ਰਾਜ਼ੀਲ ਦੇ ਨਾਈਟ ਕਲੱਬ ਦੇ ਬਾਹਰ ਖੜ੍ਹੀਆਂ ਕੁੜੀਆਂ ਉਨ੍ਹਾਂ ਦੇ ਨੇੜੇ ਵੀ ਨਹੀਂ ਫਟਕਦੀਆਂ। ਅਖ਼ਬਾਰ ਨੇ ਕਿਹਾ ਕਿ ਆਰਥਰ ਨੇ ਇਨ੍ਹਾਂ ਔਰਤਾਂ ਨੂੰ ਸਸਤੀਆਂ ਇਸ ਲਈ ਕਿਹਾਕਿ ਉਹ ਗ਼ਰੀਬ ਹਨ। ਬ੍ਰਾਜ਼ੀਲ ਦੀ ਮੀਡੀਆ ਨੇ ਦੱਸਿਆ ਕਿ ਆਰਥਰ ਨੇ ਯੂਕਰੇਨ-ਸਲੋਵਾਕੀਆ ਦੀ ਸਰਹੱਦ ਉੱਤੇ ਖੜੇ ਫ਼ੌਜੀਆਂ ਨੂੰ ਵੀ ਅਪ-ਸ਼ਬਦ ਕਹੇ। ਉਨ੍ਹਾਂ ਕਿਹਾ ਕਿ ਜਦੋਂ ਇਹ ਜੰਗ ਖ਼ਤਮ ਹੋ ਜਾਵੇਗੀ, ਉਦੋਂ ਮੈਂ ਇੱਥੇ ਵਾਪਸ ਆਵਾਂਗਾ।

ਬ੍ਰਾਜ਼ੀਲ ਵਿੱਚ ਯੂਕਰੇਨ ਦੇ ਸਾਬਕਾ ਰਾਜਦੂਤ ਦੀ ਪਤਨੀ ਨੇ ਆਰਥਰ ਦੇ ਬਿਆਨ ਦੀ ਸਖ਼ਤ ਆਲੋਚਨਾ ਕੀਤੀ ਤੇ ਕਿਹਾ ਕਿ ਘਟੀਆ ਸੋਚ ਵਾਲਿਆ, ਕੁਝ ਸਨਮਾਨ ਤਾਂ ਦਿਖਾ।' ਚਾਰੇ ਪਾਸਿਓਂ ਘਿਰਨ ਪਿੱਛੋਂ ਆਰਥਰ ਨੇ ਸਪੱਸ਼ਟ ਕੀਤਾ ਕਿ ਉਹ ਬਹੁਤ ਜ਼ਿਆਦਾ ਰੋਮਾਂਚਿਤ ਹੋ ਗਿਆ ਸੀ ਅਤੇ ਅਜਿਹੀ ਘਟੀਆ ਗੱਲ ਕਹੀ ਸੀ।

# ਚਾਰ ਔਰਤਾਂ ਸਮੇਤ ਪੰਜ ਜਣਿਆਂ ਨੂੰ ਮੌਤ ਤਕ ਉਮਰ ਕੈਦ

*** ਤਾਂਤਰਿਕ ਦੇ ਆਖੇ ਔਰਤ ਦਾ ਢਿੱਡ ਪਾੜ ਕੇ ਬੱਚਾ ਕੱਢਿਆ ਸੀ**

ਗੁਰਦਾਸਪੁਰ, 8 ਮਾਰਚ (ਪੋਸਟ ਬਿਊਰੋ)- ਕੱਲ੍ਹ ਗੁਰਦਾਸਪੁਰ ਦੀ ਅਦਾਲਤ ਵੱਲੋਂ ਇੱਕ ਵਿਅਕਤੀ ਸਮੇਤ ਚਾਰ ਔਰਤਾਂ ਨੂੰ ਮੌਤ ਤਕ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਹ ਆਪਣੀ ਤਰ੍ਹਾਂ ਦਾ ਅਪਰਾਧਕ ਕੇਸ ਹੈ। ਵਰਨਣ ਯੋਗ ਹੈ ਕਿ ਅਪ੍ਰੈਲ 2019 ਵਿੱਚ ਥਾਣਾ ਜੰਡਿਆਲਾ ਗੁਰੂ ਵਿਖੇ ਪੁਲਸ ਨੇ ਬਲਵਿੰਦਰ ਸਿੰਘ ਪੁੱਤਰ ਪ੍ਰੇਮ ਵਾਸੀ ਅਕਾਲਗੜ੍ਹ ਢਪਈਆ ਦੇ ਬਿਆਨਾਂ ਦੇ ਆਧਾਰ ਉੱਤੇ ਚਾਰ ਔਰਤਾਂ ਤੇ ਇੱਕ ਵਿਅਕਤੀ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਬਲਵਿੰਦਰ ਸਿੰਘ ਨੇ ਦੱਸਿਆ ਕਿ 27 ਅਪ੍ਰੈਲ 2019 ਨੂੰ ਜਦੋਂ ਉਹ ਕੰਮ ਉੱਤੇ ਗਿਆ ਹੋਇਆ ਸੀ ਤਾਂ ਉਨ੍ਹਾਂ ਦੀ ਗੁਆਂਢਣ ਰਵਿੰਦਰ ਕੌਰ ਪਤਨੀ ਗੁਰਪ੍ਰੀਤ ਸਿੰਘ ਆਪਣੀ ਸੱਸ ਜੋਗਿੰਦਰ ਕੌਰ ਸਮੇਤ ਘਰ ਆਈ ਤੇ ਉਸ ਦੀ ਪਤਨੀ ਜਸਬੀਰ ਕੌਰ ਨੂੰ ਆਪਣੇ ਘਰ ਲੈ ਗਈ। ਜਦੋਂ ਸ਼ਾਮ ਤਕ ਜਸਬੀਰ ਕੌਰ ਘਰ ਨਹੀਂ ਆਈ ਤਾਂ ਉਸ ਨੇ ਰਵਿੰਦਰ ਕੌਰ ਦੇ ਘਰ ਜਾ ਕੇ ਆਪਣੀ ਪਤਨੀ ਬਾਰੇ ਪੁੱਛਿਆ, ਪਰ ਰਵਿੰਦਰ ਕੌਰ ਦੇ ਪਰਵਾਰ ਨੇ ਕਿਹਾ ਕਿ ਜਸਬੀਰ ਕੌਰ ਉਥੋਂ ਜਾ ਚੁੱਕੀ ਹੈ। ਇਸ ਪਿੱਛੋਂ ਬਲਵਿੰਦਰ ਸਿੰਘ ਨੇ ਹਰ ਜਗ੍ਹਾ ਆਪਣੀ ਪਤਨੀ ਦੀ ਭਾਲ ਕੀਤੀ। ਜਦੋਂ ਨਾ ਮਿਲੀ ਤਾਂ ਰਵਿੰਦਰ ਕੌਰ ਅਤੇ ਉਸਦੇ ਪਰਵਾਰ ਉੱਤੇ ਸ਼ੱਕ ਹੋਇਆ ਤਾਂ ਉਹ ਸਰਪੰਚ ਤੇ ਹੋਰ ਮੋਹਤਬਰ ਵਿਅਕਤੀਆਂ ਨੂੰ ਨਾਲ ਲੈ ਕੇ ਰਵਿੰਦਰ ਕੌਰ ਦੇ ਘਰ ਗਿਆ। ਇਸੇ ਦੌਰਾਨ ਘਰ ਅੰਦਰੋਂ ਕੁਝ ਬਦਬੂ ਆ ਰਹੀ ਸੀ, ਜਦੋਂ ਜਾ ਕੇ ਦੇਖਿਆ ਤਾਂ ਇਹ ਬਦਬੂ ਇੱਕ ਪੇਟੀ ਵਿੱਚੋਂ ਆ ਰਹੀ ਸੀ। ਪੇਟੀ ਖੋਲ੍ਹੀ ਗਈ ਤਾਂ ਉਸ ਵਿੱਚ ਜਸਬੀਰ ਕੌਰ ਦੀ ਖ਼ੂਨ ਨਾਲ ਲੱਥ ਪੱਥ ਲਾਸ਼ ਪਈ ਸੀ ਤੇ ਉਸਦੇ ਪੇਟ ਨੂੰ ਕਿਸੇ ਤਿੱਖੇ ਹਥਿਆਰ ਨਾਲ ਚੀਰਿਆ ਗਿਆ ਸੀ ਤੇ ਪੇਟ ਵਿੱਚੋਂ ਸੱਤ ਮਹੀਨੇ ਦਾ ਬੱਚਾ ਗਾਇਬ ਸੀ, ਜੋ ਬਾਅਦ ਵਿੱਚ ਮ੍ਰਿਤਕ ਮਿਲਿਆ। ਦੋਸ਼ੀ ਪਰਵਾਰ ਨੇ ਇਹ ਕਾਰਾ ਤਾਂਤਰਿਕ ਔਰਤ ਦੀਸ਼ੋ ਉਰਫ ਦੇਵਾ ਦੇ ਕਹਿਣ ਉੱਤੇ ਕੀਤਾ ਸੀ, ਕਿਉਂਕਿ ਉਨ੍ਹਾਂ ਦੇ ਘਰ ਬੱਚਾ ਨਹੀਂ ਸੀ ਹੋ ਰਿਹਾ। ਕੱਲ੍ਹ ਜ਼ਿਲ੍ਹਾ ਤੇ ਸੈਸ਼ਨ ਜੱਜ ਰਮੇਸ਼ ਕੁਮਾਰੀ ਦੀ ਅਦਾਲਤ ਨੇ ਰਵਿੰਦਰ ਕੌਰ, ਜੋਗਿੰਦਰ ਕੌਰ, ਪੂਰਨ ਸਿੰਘ, ਰਜਿੰਦਰ ਕੌਰ ਅਤੇ ਤਾਂਤਰਿਕ ਔਰਤ ਦੀਸ਼ੋ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਤੇ 50-50 ਹਜ਼ਾਰ ਜ਼ੁਰਮਾਨਾ ਸੁਣਾਇਆ ਹੈ। ਮੁਲਜ਼ਮਾਂ ਨੂੰ ਇੱਕ ਸਜ਼ਾ ਪੂਰੀ ਉੱਤੇ ਦੂਜੀ ਦੇ ਚਾਲੂ ਹੋਣ ਦੇ ਨਿਯਮ ਤਹਿਤ ਸੁਣਾਈ ਹੈ, ਭਾਵ ਮੁਲਜ਼ਮ ਰਹਿੰਦੀ ਉਮਰ ਜੇਲ੍ਹ ਵਿੱਚ ਹੀ ਗੁਜ਼ਾਰਨਗੇ।

## ਸ਼ੇਨ ਵਾਰਨ ਨੂੰ ਛੁੱਟੀਆਂ ਤੋਂ ਪਹਿਲਾਂ ਛਾਤੀ ਵਿੱਚ ਦਰਦ ਤੇ ਪਸੀਨੇ ਦੀ ਸ਼ਿਕਾਇਤ ਸੀ

ਸਿਡਨੀ, 8 ਮਾਰਚ (ਪੋਸਟ ਬਿਊਰੋ)- ਪਿਛਲੇ ਦਿਨੀਂ ਚੱਲ ਵੱਸੇ ਪ੍ਰਸਿੱਧ ਕ੍ਰਿਕਟਰ ਸ਼ੇਨ ਵਾਰਨ ਦੇ ਮੈਨੇਜਰ ਜੇਮਸ ਏਰਸਕਿਨੇ ਨੇ ਦੱਸਿਆ ਹੈ ਕਿ ਆਸਟਰੇਲੀਆ ਦਾ ਇਹ ਮਹਾਨ ਸਪਿਨਰ ਛੁੱਟੀਆਂ ਉੱਤੇ ਜਾਣ ਤੋਂ ਪਹਿਲਾਂ ਦੋ ਹਫਤੇ ਸਿਰਫ ਤਰਲ ਭੋਜਨ ਲੈ ਰਿਹਾ ਸੀ, ਜਿਸ ਕਾਰਨ ਛਾਤੀ ਵਿੱਚ ਦਰਦ ਤੇ ਪਸੀਨਾ ਆਉਣ ਦੀ ਸ਼ਿਕਾਇਤ ਸੀ। ਆਸਟਰੇਲੀਆ ਦੇ ਮਹਾਨ ਕ੍ਰਿਕਟਰ ਸ਼ੇਨ ਵਾਰਨ ਦਾ 52 ਸਾਲ ਦੀ ਉਮਰ ਵਿੱਚ ਬੀਤੇ ਦਿਨੀਂਥਾਈਲੈਂਡ ਵਿੱਚ ਦਿਹਾਂਤ ਹੋ ਗਿਆ ਅਤੇ ਉਸ ਨੂੰ ਦਿੱਲ ਦਾ ਦੌਰਾ ਪੈਣ ਦਾ ਸ਼ੱਕ ਕੀਤਾ ਜਾ ਰਿਹਾ ਹੈ। ਏਰਸਕਿਨੇ ਨੇ ਨਾਈਨ ਨੈਟਵਰਕ ਨੂੰ ਕਿਹਾ, "ਉਹ ਅਜੀਬੋ ਗਰੀਬ ਡਾਈਟ ਉੱਤੇ ਹੁੰਦਾ ਸੀ। ਪਿੱਛੇ ਜਿਹੇ ਇਸ ਤਰ੍ਹਾਂ ਦੀ ਡਾਈਟ ਵਿੱਚ ਉਹ 14 ਦਿਨ ਸਿਰਫ ਤਰਲ ਪਦਾਰਥ ਲੈਂਦਾ ਸੀ। ਏਦਾਂ ਉਹ ਤਿੰਨ-ਚਾਰ ਵਾਰ ਕਰ ਚੁੱਕਾ ਹੈ।" ਉਨ੍ਹਾਂ ਕਿਹਾ, "ਸਾਰੀ ਜ਼ਿੰਦਗੀ ਉਹ ਸਿਗਰੇਟ ਪੀਂਦਾ ਰਿਹਾ। ਮੈਨੂੰ ਲੱਗਦਾ ਹੈ ਕਿ ਦਿੱਲ ਦਾ ਦੌਰਾ ਪਿਆ ਹੋਵੇਗਾ।" ਮੌਤ ਤੋਂ ਕੁਝ ਦਿਨ ਪਹਿਲਾਂ ਵਾਰਨ ਨੇ ਇੰਸਟਾਗ੍ਰਾਮ ਉੱਤੇ ਆਪਣੀ ਪੁਰਾਣੀ ਫੋਟੋ ਪੋਸਟ ਕਰ ਕੇ ਕਿਹਾ ਸੀ ਕਿ ਉਹ ਵਜ਼ਨ ਘੱਟ ਕਰਨ ਦੀ ਪ੍ਰੈਕਟਿਸ ਕਰ ਰਿਹਾ ਹੈ। ਵਾਰਨ ਦੇ ਪਰਵਾਰ ਨੇ ਵੀ ਥਾਈ ਪੁਲਸ ਨੂੰ ਦੱਸਿਆ ਕਿ ਉਨ੍ਹਾਂ ਨੂੰ ਦਿੱਲ ਨਾਲ ਜੁੜੀਆਂ ਪ੍ਰੇਸ਼ਾਨੀਆਂ ਅਤੇ ਦਮਾ ਸੀ। ਥਾਈਲੈਂਡ ਪੁਲਸ ਨੇ ਕਿਹਾ ਕਿ ਆਸਟਰੇਲੀਆਈ ਕ੍ਰਿਕਟਰ ਸ਼ੇਨ ਵਾਰਨ ਦੀ ਪੋਸਟਮਾਰਟਮ ਰਿਪੋਰਟ ਦੇ ਅਨੁਸਾਰ ਉਸ ਦੀ ਮੌਤ ਕੁਦਰਤੀ ਕਾਰਨਾਂ ਕਰ ਕੇ ਹੋਈ ਹੈ।

## ਸੰਭਾਵੀ ਚੋਣ ਨਤੀਜਿਆਂ ਦੀ ਚਰਚਾ ਤੋਂ ਕਾਂਗਰਸ ਹਾਈਕਮਾਨ ਚਿੰਤਤ

ਚੰਡੀਗੜ੍ਹ, 8 ਮਾਰਚ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੇ ਚੋਣ ਨਤੀਜੇ 10 ਮਾਰਚ ਨੂੰ ਆਉਣੇ ਹਨ ਪਰ ਸੰਭਾਵੀ ਨਤੀਜਿਆਂ ਦੀ ਚਰਚਾ ਕਾਰਨ ਕਾਂਗਰਸ ਹਾਈਕਮਾਨ ਦੀ ਚਿੰਤਾ ਵੱਧ ਗਈ ਹੈ।

ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ ਪੰਜਾਬ ਵਿੱਚ ਮਜ਼ਬੂਤ ਕਰਨ ਲਈ ਕਾਂਗਰਸ ਹਾਈਕਮਾਨ ਪੰਜਾਬ ਵਿਧਾਨ ਸਭਾ ਚੋਣਾਂ ਪਿੱਛੋਂ ਇਕਦਮ ਹਰਕਤ ਵਿੱਚ ਆਈਅਤੇ ਪੰਜਾਬ ਕਾਂਗਰਸ ਦੀਆਂ ਜਥੇਬੰਦਕ ਚੋਣਾਂ ਤੋਂ ਪਹਿਲਾਂ ਡਿਜੀਟਲ ਮੈਂਬਰੀ ਮੁਹਿੰਮ 15 ਦਿਨਾਂ ਅੰਦਰ ਸ਼ੁਰੂ ਕਰਾਉਣ ਲਈ ਨਿਯੁਕਤ ਕੇਂਦਰ ਚੋਣ ਅਧਿਕਾਰੀ ਮਾਨਿਕ ਰਾਉ ਠਾਕਰੇ ਨੇ ਕੱਲ੍ਹ ਚੰਡੀਗੜ੍ਹ ਪਹੁੰਚ ਕੇ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਅਤੇ ਹੋਰ ਨੇਤਾਵਾਂ ਨਾਲ ਮੀਟਿੰਗ ਕੀਤੀ ਹੈ। ਇਸ ਤੋਂ ਸਪੱਸ਼ਟ ਹੈ ਕਿ ਪੰਜਾਬ ਦੇ ਚੋਣ ਨਤੀਜਿਆਂ ਪਿੱਛੋਂ ਪਾਰਟੀ ਸੰਗਠਨ ਦੀ ਮਜ਼ਬੂਤੀ ਲਈ ਵੱਡਾ ਫੇਰਬਦਲ ਹੋਣ ਵਾਲਾ ਹੈ। ਇਸ ਵਿੱਚ ਕਈ ਪ੍ਰਮੁੱਖ ਕਾਂਗਰਸ ਆਗੂਆਂ ਦੀ ਛੁੱਟੀ ਕਰਨ ਅਤੇ ਨੌਜਵਾਨ ਆਗੂਆਂ ਨੂੰ ਅੱਗੇ ਲਿਆਉਣ ਲਈ ਪੱਕਾ ਮਨ ਬਣਾ ਲਿਆ ਜਾਪਦਾ ਹੈ। ਕੱਲ੍ਹ ਦੀ ਮੀਟਿੰਗ ਵਿੱਚ ਪੰਜਾਬ ਕਾਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੋਂ ਇਲਾਵਾ ਜਥੇਬੰਦਕ ਸਕੱਤਰ ਪ੍ਰਗਟ ਸਿੰਘ, ਕਾਰਜਕਾਰੀ ਪ੍ਰਧਾਨ ਕੁਲਜੀਤ ਸਿੰਘ ਨਾਗਰਾ, ਪਵਨ ਗੋਇਲ ਅਤੇ ਕੁਝ ਹੋਰ ਚੋਣਵੇਂ ਪ੍ਰਮੁੱਖ ਆਗੂ ਸ਼ਾਮਲ ਹੋਏ ਸਨ। ਇਸ ਮੀਟਿੰਗ ਵਿੱਚ ਮੈਂਬਰਸ਼ਿਪ ਮੁਹਿੰਮ ਨੂੰ ਹਰ ਸ਼ਹਿਰ ਤੇ ਪਿੰਡ ਦੀ ਨੁੱਕਰ ਤਕ ਪੁਚਾਉਣ ਦੀ ਵਿਚਾਰ ਕੀਤੀ ਗਈ। ਅਗਲੇ ਸਮੇਂ ਵਿੱਚ ਪਾਰਟੀ ਸੰਗਠਨ ਨੂੰ ਨਵੀਂ ਦਿਖ ਦੇ ਕੇ ਵਰਕਰਾਂ ਵਿੱਚ ਉਤਸ਼ਾਹ ਪੈਦਾ ਕਰਨ ਬਾਰੇ ਵੀ ਚਰਚਾ ਹੋਈ ਹੈ।

## ਕੈਪਟਨ ਅਮਰਿੰਦਰ ਨੇ ਕਿਹਾ: ਮੈਂ ਪੰਡਿਤ ਨਹੀਂ, ਜੋ ਚੋਣ ਨਤੀਜਿਆਂ ਬਾਰੇ ਭਵਿੱਖਵਾਣੀ ਕਰ ਸਕਾਂ

ਚੰਡੀਗੜ੍ਹ, 8 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਪਾਰਟੀ ਦੀ ਭਾਜਪਾ ਅਤੇ ਅਕਾਲੀ ਦਲ ਸਯੁੰਕਤ ਨਾਲ ਮਿਲ ਕੇ ਚੋਣਾਂ ਵਿੱਚ ਕਾਰਗੁਜ਼ਾਰੀ ਬਾਰੇ ਭਵਿੱਖਵਾਣੀ ਕਰਨ ਤੋਂ ਇਨਕਾਰ ਕੀਤਾ ਹੈ।

ਨਵੀਂ ਦਿੱਲੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਗਠਜੋੜ ਬਾਰੇ ਸਵਾਲ ਉੱਤੇ ਕਿਹਾ ਕਿ ਸਾਡੇ ਗਠਜੋੜ ਵਿੱਚ ਸਾਰੀਆਂ ਪਾਰਟੀਆਂ ਨੇ ਵਧੀਆ ਕੰਮ ਕੀਤਾ ਹੈ ਅਤੇ 10 ਮਾਰਚ ਨੂੰ ਵੇਖਾਂਗੇ ਕਿ ਕੀ ਨਤੀਜਾ ਆਉਂਦਾ ਹੈ।ਉਨ੍ਹਾ ਨੇ ਨਾਲ ਹੀ ਕਿਹਾ, 'ਮੈਂ ਪੰਡਤ ਨਹੀਂ, ਮੈਂ ਅਜਿਹਾ ਆਦਮੀ ਨਹੀਂ ਹਾਂ, ਜੋ ਇਸ ਬਾਰੇ ਭਵਿੱਖਵਾਣੀ ਕਰ ਸਕੇ।'

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਬਾਰੇ ਕੈਪਟਨ ਅਮਰਿੰਦਰ ਨੇ ਕਿਹਾ ਕਿ ਇਹ ਬੈਠਕ ਪੰਜਾਬ ਬਾਰੇ ਆਮ ਚਰਚਾ ਲਈ ਸੀ, ਪੰਜਾਬ ਦੀਆਂ ਚੋਣਾਂ ਬਾਰੇ ਨਹੀਂ। ਅਜੇ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਦੇ ਨਤੀਜੇ ਨਹੀਂ ਆਏ। ਉਨ੍ਹਾਂ ਦੀ ਗ੍ਰਹਿ ਮੰਤਰੀ ਨਾਲ ਆਮ ਚਰਚਾ ਹੋਈ ਹੈ ਤੇ ਚੋਣ ਨਤੀਜਿਆਂ ਤੋਂ ਬਾਅਦ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਅਮਿਤ ਸ਼ਾਹ ਨੇ ਵੀ ਅਜਿਹਾ ਬਿਆਨ ਦਿੱਤਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਜਿਨ੍ਹਾਂ ਪੰਜ ਰਾਜਾਂ ਵਿੱਚ ਚੋਣਾਂ ਹੋਈਆਂ ਹਨ, ਉਨ੍ਹਾਂ ਵਿੱਚੋਂ ਚਾਰ ਵਿੱਚ ਭਾਜਪਾ ਦੀ ਸੱਤਾ ਕਾਇਮ ਰਹੇਗੀ, ਪਰ ਪੰਜਾਬ ਦੇ ਚੋਣਾਂ ਦੇ ਨਤੀਜੇ ਬਾਰੇ ਕੋਈ ਜੋਤਿਸ਼ੀ ਹੀ ਦੱਸ ਸਕਦਾ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
KAUR LAW OFFICE
Red Seal NOTARY
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਪੰਜਾਬੀ ਬੋਲੀ ਦਾ ਮੋਹ!



ਅਜੀਤ ਸਿੰਘ ਰੱਖੜਾ
905 794 7882

ਪੰਜਾਬ ਦੇ ਵਸਨੀਕ ਸਿੱਖ ਧਾਰਮਿਕ ਲੋਕਾਂ ਵਿਚ, ਪੰਜਾਬੀ ਵਾਸਤੇ ਇਕ ਅਥਾਹ ਮੋਹ ਪਾਇਆ ਜਾਂਦਾ ਹੈ ਕਿਓਕਿ ਉਨ੍ਹਾ ਦਾ ਗੁਰੂ ਗ੍ਰੰਥ ਸਾਹਿਬ ਪੰਜਾਬੀ ਵਿਚ ਲਿਖਿਆ ਹੋਇਆ ਹੈ।


ਪੰਜਾਬੀ ਭਾਵੇ, ਪੰਜਾਬ ਖਿਤੇ ਦੀ ਹਜਾਰਾਂ ਸਾਲ ਪੁਰਾਣੀ ਬੋਲੀ ਹੈ ਜਿਸ ਨੂੰ ਸਭ ਧਰਮਾ ਦੇ ਲੋਕ ਬੋਲਦੇ ਸਨ ਅਤੇ ਆਪਣੇ ਇਲਾਕੇ ਵਿਚ ਪ੍ਰਚਲਤ ਲਿਪੀ ਵਿਚ ਲਿਖਦੇ ਸਨ ਪਰ ਪੰਜਾਬੀ ਦੀ ਸ੍ਰੁਰੂਆਤ ਸਿੱਖ ਗੁਰੂਆ ਨਾਲ ਜੋੜੀ ਜਾਂਦੀ ਹੈ। ਮਿਸਾਲ ਲਈ, ਪਾਕਿਸਤਾਨ ਵਿਚ ਪੰਜਾਬੀ ਸ਼ਾਹਮੁਖੀ ਵਿਚ ਲਿਖੀ ਜਾਂਦੀ ਹੈ। ਪਹਿਲੋਂ ਕਈ ਹੋਰ ਲਿਪੀਆ ਵੀ ਪ੍ਰਚਲਤ ਸਨ ਜਿਵੇਂ ਸਿੰਧੀ, ਮੁਲਤਾਨੀ, ਟਾਕਰੀ ਅਤੇ ਸ਼ਿਕਾਰਪੁਰੀ ਆਦਿਕ। ਸਿੱਖ ਇਤਹਾਸ ਅਨੁਸਾਰ ਪੰਜਾਬੀ ਲਿਪੀ ਦਾ ਆਗਾਜ਼ ਗੁਰੂ ਅੰਗਦ ਦੇਵ ਜੀ ਤੋਂ ਹੋਇਆ ਮੰਨਿਆ ਗਿਆ ਹੈ। 35 ਅੱਖਰ ਗੁਰੂ ਅੰਗਦ ਦੇਵ ਜੀ ਨੇ ਰਚੇ ਅਤੇ ਉਨ੍ਹਾ ਤੋਂ ਬਾਅਦ ਸਾਰੀ ਗੁਰਬਾਣੀ ਪੰਜਾਬੀ ਵਿਚ ਲਿਖੀ ਜਾਂਦੀ ਰਹੀ ਹੈ। ਜੋ ਪੋਥੀ ਗੁਰੂ ਨਾਨਕ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਦਿਤੀ ਸੀ ਉਹ ਲੰਡੇ ਲਿਪੀ ਵਿਚ ਲਿਖੀ ਹੋਈ ਸੀ ਜਿਸਦੇ ਬਹੁਤੇ ਅੱਖਰ ਪੰਜਾਬੀ ਲਿਪੀ ਵਰਗੇ ਹੀ ਸਨ। ਗੁਰੂ ਕਾਲ ਤੋਂ ਹੀ ਧਰਮਸਾਲ (ਗੁਰੂ ਘਰ) ਹੋਂਦ ਵਿਚ ਆਏ ਅਤੇ ਜਨ ਸਧਾਰਣ ਲਈ ਸਿੱਖੀ ਦਾ ਕੇਂਦਰ ਬਣੇ। ਹੌਲੀ ਹੌਲੀ ਇਹ ਕੇਂਦਰ ਸਭ ਤਰ੍ਹਾ ਦੀਆ ਜਾਣਕਾਰੀਆ ਦਾ ਸੋਮਾ ਬਣੇ। ਚਾਹੇ ਕੋਈ ਮਸਲਾ ਧਾਰਮਿਕ ਹੈ, ਸਮਾਜਕ ਹੈ ਜਾਂ ਫਿਰ ਰਾਜਨੀਤਕ ਹੈ, ਇਸਦੀ ਚਰਚਾ ਲਈ ਕੇਵਲ ਗੁਰਦੁਆਰੇ ਹੀ ਸਭ ਤੋਂ ਵਧੀਆ ਜਗਾਹ ਮੰਨੇ ਜਾਂਦੇ ਰਹੇ ਹਨ। ਕਾਰਣ? ਉਥੇ ਲੋਕਾਂ ਦਾ ਬਣਿਆ ਬਣਾਇਆ ਇਕਠ ਮਿਲ ਜਾਂਦਾ ਹੈ ਜੋ ਕਿ ਹੋਰ ਕਿਤੇ ਸੰਭਵ ਨਹੀ ਹੁੰਦਾ। ਇਸ ਤਰ੍ਹਾ ਪਿੰਡਾਂ ਸ਼ਹਿਰਾ ਵਿਚ ਸਿੱਖ ਸਮਾਜ ਦਾ ਥੰਮ ਗੁਰਦੁਆਰੇ ਬਣ ਗਏ। ਕਿਸੇ ਵੀ ਪੰਜਾਬੀ ਬੁਲਾਰੇ ਦਾ ਬੋਲਣ ਅਭਿਆਸ ਤਕਰੀਬਨ ਕਿਸੇ ਗੁਰਦੁਆਰੇ ਤੋਂ ਹੀ ਚਾਲੂ ਹੁੰਦਾ ਹੈ। ਗੁਰਦੁਆਰਿਆ ਵਿਚ ਪੰਜਾਬੀ ਜ਼ੁਬਾਨ ਨੂੰ ਉਤਸ਼ਾਹਤ ਕਰਨ ਲਈ ਬਹੁਤ ਪ੍ਰੇਰਣਾ ਦਿਤੀ ਜਾਂਦੀ ਹੈ। ਹੌਲੀ ਹੌਲੀ ਇਸ ਪ੍ਰੇਰਣਾ ਨੇ ਹਰ ਪੰਜਾਬੀ ਹਿਰਦੇ ਵਿਚ ਪੰਜਾਬੀ ਲਈ ਅੰਤਾ ਦਾ ਮੋਹ ਭਰ ਦਿਤਾ ਹੈ। ਭਾਰਤ ਦੀ ਅਜ਼ਾਦੀ ਦੇ ਕੁਝ ਸਾਲਾਂ ਬਾਅਦ ਹੀ ਇਸ ਮੋਹ ਨੇ ਰਾਜਨੀਤਕ ਗਲਿਹਾਰਿਆ ਵਿਚ ਆਪਣੀ ਗੂੰਜ ਪੈਦਾ ਕਰਨੀ ਸ੍ਰੁਰੂ ਕਰ ਦਿਤੀ ਸੀ। ਗੁਰਬਾਣੀ ਅਨੁਸਾਰ ਮੋਹ ਅਵਗੁਣ ਹੈ ਅਤੇ ਪਿਆਰ ਸਦਗੁਣ ਹੈ। ਮੋਹ ਕਬਜਾ ਅਤੇ ਪਿਆਰ ਕਬਜਾ ਰਹਿਤ ਗਿਣਿਆ ਗਿਆ ਹੈ। ਮੋਹ ਬਖੇੜੇ ਅਤੇ ਪਿਆਰ ਅਮਨ ਪੈਦਾ ਕਰਦਾ ਹੈ।

ਨਹਿਰੂ ਦੇ ਕਾਲ ਸਮੇ ਰਾਸ਼ਟਰ ਭਾਸ਼ਾ ਹਿੰਦੀ ਮੁਕਰਰ ਕਰਨ ਲਈ ਲੋਕ ਰਾਏ ਬਣਾਈ ਗਈ। ਮਰਦਮ ਸੁਮਾਰੀ ਵੇਲੇ ਹਿੰਦੂਆ ਨੂੰ ਆਪਣੀ ਜ਼ੁਬਾਨ ਹਿੰਦੀ ਲਿਖਣ ਲਈ ਆਖਿਆ ਗਿਆ। ਮਕਸਦ ਸੀ ਹਿੰਦੀ ਬੋਲਣ ਵਾਲਿਆ ਦੀ ਗਿਣਤੀ

ਕਰਨਾ। ਹੈਰਾਨੀ ਹੋਈ ਕਿ ਪੰਜਾਬ ਦੇ ਹਿੰਦੂਆ ਨੇ ਆਪਣੀ ਬੋਲਣ ਭਾਸ਼ਾ ਹਿੰਦੀ ਲਿਖਵਾਈ। ਗੁਰਦੁਆਰਿਆ ਦੀਆ ਸਟੇਜਾਂ ਤੋਂ ਇਸ ਪ੍ਰਤੀ ਵਿਰੋਧ ਹੋਇਆ। ਹਿੰਦੂ ਸਿੱਖ ਵਿਚ ਇਕ ਲਕੀਰ ਜਹੀ ਖਿਚੀ ਗਈ। ਫਲਸਰੂਪ ਜਿੰਮੀਦਾਰਾ ਨੇ ਪਿੰਡਾਂ ਦੇ ਕੰਮੀਆ ਨੂੰ ਜਿਨ੍ਹਾ ਆਪਣੀ ਭਾਸ਼ਾ ਹਿੰਦੀ ਲਿਖਵਾਈ ਸੀ ਨੂੰ ਤੰਗ ਕਰਨਾ ਸ੍ਰੁਰੂ ਕਰ ਦਿਤਾ। ਆਪਣੇ ਖੇਤਾਂ ਵਿਚ ਹੱਗਣ ਤੋਂ ਮਨਾ ਕਰ ਦਿਤਾ। ਲੋਕ ਗਲੀਆਂ ਵਿਚ ਹੱਗਣ ਲਈ ਮਜ਼ਬੂਰ ਕੀਤੇ ਗਏ। ਉਨ੍ਹਾ ਦਿਨਾ ਤੋਂ ਹੀ ਪੰਜਾਬੀ ਪ੍ਰਤੀ ਆਮ ਲੋਕ ਜਾਗਰੂਕ ਹੋ ਗਏ। ਫਲਸਰੂਪ ਪੰਜਾਬੀ ਸੂਬੇ ਦੀ ਮੰਗ ਉਠੀ ਅਤੇ ਫਿਰ ਪੰਜਾਬੀ ਨੂੰ ਰਾਜਭਾਸ਼ਾ ਦਾ ਦਰਜਾ ਦੇਣ ਦੀ ਅਵਾਜ਼ ਪੈਦਾ ਹੋਈ। ਇਨਹਾਂ ਕਾਰਣਾ ਕਰਕੇ ਉਸ ਮਰਦਮ ਸੁਮਾਰੀ ਵਿਚ ਹਿੰਦੀ ਉਰਦੂ ਅਤੇ ਪੰਜਾਬੀ ਬੋਲਣ ਵਾਲਿਆ ਦੀ ਗਿਣਤੀ ਵਖ ਵਖ ਨਹੀਂ ਦਸੀ ਗਈ ਸੀ ਕਿਓਂਕਿ ਲੋਕਾਂ ਨੇ ਬੋਲੀ ਬਾਰੇ ਸਹੀ ਜਣਕਾਰੀ ਨਹੀਂ ਸੀ ਦਿਤੀ। ਤਿੰਨਾ ਬੋਲੀਆਂ ਦੀ ਸਾਂਝੀ ਗਿਣਤੀ ਦਰਜ ਕੀਤੀ ਗਈ ਜੋ 42,01% ਸੀ। ਉਸ ਸਾਲ ਦੀ ਗਿਣਤੀ ਮੁਤਾਬਿਕ ਭਾਰਤ ਵਿਚ ਕੁਲ 12 ਜ਼ੁਬਾਨਾ ਬੋਲੀਆ ਜਾਂਦੀਆਂ ਸਨ। ਧਰਮਾਂ ਦੀ ਗਣਨਾ ਮੁਤਾਬਿਕ ਉਸ ਸਮੇ ਹਿੰਦੂ ਧਰਮ ਦੇ ਅਨੁਆਈ 84,1% ਸਨ। ਜਦ ਕੋਈ ਮਸਲਾ ਧਰਮ ਨਾਲ ਜੋੜ ਦਿਤਾ ਜਾਵੇ ਫਿਰ ਲੋਕਾਂ ਨੂੰ ਉਸ ਪਾਸੇ ਲਗਾਉਣਾ ਕੋਈ ਔਖਾ ਨਹੀਂ ਰਹਿ ਜਾਂਦਾ। ਜੋ ਬੰਦਾ ਇਸਦਾ ਵਿਰੋਧ ਕਰੇ ਉਸ ਨਾਲ ਨਜਿਠਣਾ ਪੰਜਾਬੀਆਂ ਨੂੰ ਖੂਬ ਆਉਂਦਾ ਹੈ। ਇਸ ਪਰਕ੍ਰਿਆ ਨੂੰ ਧੱਕੜਸ਼ਾਹੀ, ਬਦਮਾਸ਼ੀ ਜਾਂ ਅੰਗਰੇਜ਼ੀ ਵਿਚ ਬੁਲਿੰਗ ਕਹਿੰਦੇ ਹਨ।

ਧਾਰਮਿਕ ਕਟੜ ਪੰਥੀਆ ਨੇ ਇਕ ਹੋਰ ਲਫਜ਼ ਘੜਿਆ ਹੈ। ਉਹ ਹੈ ਸੋਧਾ ਲਾਉਣਾ। ਸੋਧੇ ਵਿਚ ਜਾਨੋ ਮਾਰ ਦੇਣਾ ਵੀ ਸ਼ਾਮਲ ਹੈ।

ਪੰਜਾਬੀ ਦੇ ਬੁਲਾਰੇ ਅਕਸਰ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਪੰਜਾਬੀ ਨੂੰ ਜਿੰਦਾ ਰੱਖਣ ਲਈ, ਹਰ ਮਾ ਬਾਪ ਆਪਣੇ ਬਚਿਆ ਨੂੰ ਪੰਜਾਬੀ ਸਿਖਾਵੇ। ਕਿਹਾ ਜਾਂਦਾ ਹੈ ਕਿ ਜੇਕਰ ਮਾ ਬੋਲੀ ਪੰਜਾਬੀ ਨੂੰ ਭੁਲ ਜਾਵੋਗੇ ਤਾਂ ਕੱਖਾਂ ਵਾਂਗੂ ਰੁਲ ਜਾਵੋਗੇ। ਆਪਣੇ ਵਿਰਸੇ ਨਾਲੋਂ ਟੁਟ ਜਾਵੋਗੇ। ਫਲਸਰੂਪ ਬਹੁਤ ਸਾਰੇ ਗੀਤ ਲਿਖੇ ਗਏ ਕਵਿਤਾਵਾਂ ਲਿਖੀਆ ਗਈਆ ਅਤੇ ਪਿਕਚਰਾਂ ਦੇ ਥੀਮ ਬਣਾਏ ਗਏ। ਅਜ ਕੋਈ ਲੇਖਕ ਪੰਜਾਬੀ ਦੀ ਕਿਤਾਬ ਲਿਖਕੇ ਪੰਜਾਬੀ ਦੀ ਸੇਵਾ ਕਰਦਾ ਹੈ, ਗੀਤਕਾਰ ਪੰਜਾਬੀ ਵਿਚ ਗਾਕੇ ਮਾ ਬੋਲੀ ਦੀ ਅਰਾਧਨਾ ਕਰਦਾ ਹੈ ਅਤੇ ਕੋਈ ਪੰਜਾਬੀ ਪਿਕਚਰ ਬਣਾਕੇ ਮਾਂ ਬੋਲੀ ਦਾ ਸਪੂਤ ਅਖਵਾਉਂਦਾ ਹੈ। ਬਹੁਤ ਸਾਰੇ ਪੰਜਾਬੀ ਲੋਕ ਵਿਦੇਸ਼ਾ ਵਿਚ ਪਹੁੰਚ ਚੁਕੇ ਹਨ। ਉਥੇ ਗੁਰਦੁਆਰੇ ਸਥਾਪਤ ਹੋ ਚੁਕੇ ਹਨ। ਪੰਜਾਬ ਦੀ ਤਰਜ ਉਪਰ ਬਾਹਰਲੇ ਮੁਲਕਾਂ ਵਿਚ ਵੀ ਖਾਸ ਸਿੱਖ ਵਰਗ ਵਿਚ ਪੰਜਾਬੀ ਪ੍ਰਤੀ ਉਹੀ




ਜਾਗਰੂਕਤਾ ਵੇਖਣ ਨੂੰ ਮਿਲਦੀ ਹੈ ਸਗੋਂ ਪੰਜਾਬ ਨਾਲੋਂ ਵੀ ਵੱਧ। ਆਪਣੇ ਪੰਜਾਬੀ ਰਾਜਨੀਤਕਾਂ ਨੂੰ ਆਖਿਆ ਜਾਂਦਾ ਹੈ ਕਿ ਸਕੂਲਾਂ ਵਿਚ ਪੰਜਾਬੀ ਪੜਾਉਣ ਦਾ ਬੰਦੋਬਸਤ ਕੀਤਾ ਜਾਵੇ। ਇਸਦੇ ਨਾਲ ਨਾਲ ਕੁਝ ਗੁਰਦੁਆਰਿਆ ਵਿਚ ਪੰਜਾਬੀ ਕਲਾਸਾਂ ਵੀ ਲਗਦੀਆ ਹਨ। ਕਈ ਜਗਾਹ ਪੰਜਾਬੀ ਭਾਈਚਾਰੇ ਵਲੋਂ ਵੀ ਪਬਲਿਕ ਸਕੂਲ ਚਲਾਏ ਜਾ ਰਹੇ ਹਨ। ਸਭ ਕੁਝ ਦੇ ਅਸਰ ਨਾਲ ਵਿਦੇਸ਼ਾ ਵਿਚ ਕਿਤੇ ਕਿਤੇ ਬਚੇ ਪੰਜਾਬੀ ਸਿੱਖ ਰਹੇ ਹਨ। ਇਸ ਤਰ੍ਹਾ ਦੀ ਸਹੂਲਤ ਅਮੂਮਨ ਐਲੀਮੈਂਟਰੀ ਸਕੂਲਾ ਤਕ ਹੀ ਸੀਮਤ ਹੈ, ਉਸਤੋਂ ਬਾਅਦ ਬਚੇ ਦੂਸਰੇ ਸਲੇਬਸ ਵਡੇ ਹੋ ਜਾਣ ਕਾਰਣ ਪੰਜਾਬੀ ਨੂੰ ਅਕਸਰ ਛਡ ਜਾਂਦੇ ਹਨ। ਹੈਰਾਨੀ ਇਸ ਗਲ ਵਿਚ ਹੈ ਕਿ ਟਰਾਂਟੋ ਵਿਚ, ਪੀਲ ਡਿਸਟਰਿਕਟ ਐਜੂਕੇਸ਼ਨ ਬੋਰਡ ਹੇਠ ਚਲ ਰਹੇ 259 ਤੋਂ ਵਧ ਸਕੂਲਾ ਦੇ 156000 ਬਚਿਆ ਵਿਚੋਂ ਪੰਜਾਬੀ ਪੜ੍ਹਨ ਲਈ ਸਿਵਾਏ ਸਿੱਖ ਭਾਈਚਾਰੇ ਵਲੋਂ ਚਲਾਏ ਜਾਂਦੇ ਪ੍ਰਾਈਵੇਟ ਸਕੂਲਾਂ ਦੇ, ਕੋਈ ਹੋਰ ਸਕੂਲ ਤਿਆਰ ਨਹੀਂ। ਜਦਕਿ ਇਹ ਇਲਾਕਾ ਪੰਜਾਬੀਆਂ ਦਾ ਗੜ੍ਹ ਹੈ। ਇਕ ਜਾਣਕਾਰੀ ਅਨੁਸਾਰ, ਜਿਥੇ 20 ਤੋਂ ਵਧ ਬਚੇ ਕਲਾਸ ਵਿਚ ਕਿਸੇ ਬੋਲੀ ਨੂੰ ਸਿੱਖਣਾ ਚਹੁੰਦੇ ਹੋਣ, ਉਥੇ ਉਹ ਸੁਵਿਧਾ ਪੈਦਾ ਕੀਤੀ ਜਾ ਸਕਦੀ ਹੈ।

ਆਓ ਇਸ ਵਿਸ਼ੇ ਦੀ ਡੂੰਘਾਈ ਵਿਚ ਨਜ਼ਰਸਾਨੀ ਕਰੀਏ ਅਤੇ ਧਰਾਤਲੀ ਪਿਛੋਕੜ ਜਾਣੀਏ। ਖੋਜਕਾਰ ਦਸਦੇ ਹਨ ਕਿ ਪੰਜਾਬੀ ਭਾਸ਼ਾ 5000 ਸਾਲ ਤੋਂ ਵੀ ਵਧ ਪੁਰਾਣੀ ਬੋਲੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾ ਭਗਤਾਂ ਦੀ ਬਾਣੀ ਪੰਜਾਬੀ ਵਿਚ ਦਰਜ ਹੈ ਉਹ ਕੇਵਲ ਪੰਜਾਬੀ ਨਹੀਂ ਸਨ ਸਗੋਂ ਉਤਰ ਪ੍ਰਦੇਸ, ਰਾਜਸਥਾਨ, ਵੈਸਟ ਬੰਗਾਲ, ਅਤੇ ਮਹਾਰਾਸ਼ਟਰ ਵਰਗੇ ਦੂਰ ਦੁਰਾਡੇ ਪਰਾਤਾਂ ਤੋਂ ਸਨ। ਇਸਦਾ ਮਤਲਬ ਹੈ ਕਿ ਉਹ ਪੰਜਾਬੀ ਬੋਲਦੇ ਸਨ। ਕਹਿ ਸਕਦੇ ਹਾਂ ਕਿ ਸਮੇ ਨਾਲ ਪੰਜਾਬੀ ਸੁੰਗੜੀ ਹੈ। ਪਿਛੇ ਜਹੇ ਇਕ ਖਬਰ ਆਈ ਸੀ ਕਿ ਪੰਜਾਬੀ ਜ਼ੁਬਾਨ ਮਰ ਰਹੀਆ ਜ਼ੁਬਾਨਾ ਦੀ ਲਿਸਟ ਵਿਚ ਆ ਚੁਕੀ ਹੈ। ਇਸ ਖਬਰ ਨੇ ਬੜੀ ਚਰਚਾ ਕਰਵਾਈ ਸੀ। ਪੰਜਾਬੀ ਦੇ ਹਮਾਇਤੀ ਇਹ ਕਹਿਕੇ ਆਪਣੇ ਆਪ ਨੂੰ ਹੌਸਲਾ ਦੇ ਰਹੇ ਸਨ ਕਿ ਇਹ ਕਦੇ ਨਹੀਂ ਹੋ ਸਕਦਾ। ਜਦ ਤਕ ਗੁਰੂ ਗ੍ਰੰਥ ਸਾਹਿਬ ਇਸ ਸੰਸਾਰ ਵਿਚ ਜੀਵਤ ਹਨ ਉਦੋਂ ਤਕ ਪੰਜਾਬੀ ਦਾ ਵਾਲ ਵਿੰਗਾ ਨਹੀਂ ਹੋ ਸਕਦਾ। ਜਦ ਕਿ ਸਾਹਿਤਕਾਰ ਅਤੇ ਬੁਧੀਜੀਵੀ ਇਸ ਖਬਰ ਨਾਲ ਨਿਰਾਸ਼ ਹੋਏ ਸਨ ਕਿਓ ਕਿ ਇਹ ਗਲ ਸਚ ਜਾਪਦੀ ਹੈ। ਗੈਰ ਪੰਜਾਬੀ ਲੋਕਾਂ ਵਿਚ ਪ੍ਰਚਲਤ ਹੈ ਕਿ ਪੰਜਾਬੀ ਤਾਂ ਗੁਰਦੁ-ਆਰਿਆ ਦੀ ਜ਼ੁਬਾਨ ਹੈ। ਕੇਵਲ ਸਿੱਖਾ ਤਕ ਸੀਮਤ ਹੈ। ਕਈ ਵਿਅੰਗ ਨਾਲ ਇਸਨੂੰ ਉਜੱਡ ਲੋਕਾਂ ਦੀ ਖਰਵੀਂ ਜ਼ੁਬਾਨ ਵੀ ਕਹਿ ਦੇਂਦੇ ਹਨ। ਪੰਜਾਬ ਜੋ ਪੰਜਾਬੀ ਦਾ ਗੜ੍ਹ ਹੈ ਉਥੇ ਪੰਜਾਬੀ ਕੇਵਲ ਸਰਕਾਰੀ ਸਕੂਲਾਂ ਵਿਚ ਪੜ੍ਹਾਈ ਜਾਂਦੀ ਹੈ।

ਪ੍ਰਾਈਵੇਟ ਸਕੂਲਾ ਵਿਚ ਸਭ ਕੁਝ ਅੰਗ੍ਰੇਜ਼ੀ ਵਿਚ ਪੜ੍ਹਾਇਆ ਜਾਂਦਾ ਹੈ। ਇਸ ਸਮੇ ਸਰਕਾਰੀ ਸਕੂਲਾ ਦਾ ਇਹ ਹਾਲ ਹੈ ਕਿ ਨਾ ਤਾਂ ਕੋਈ ਮਾਸਟਰ ਪੜ੍ਹਾਈ ਬਾਰੇ ਸੰਜੀਦਾ ਹੈ ਅਤੇ ਨਾ ਹੀ ਕਲਾਸਾ ਵਿਚ ਚਜਦੇ ਬਚੇ ਪੜ੍ਹਨ ਆਉਂਦੇ ਹਨ। ਹਰ ਮਾਪਾ ਪ੍ਰਾਈਵੇਟ ਸਕੂਲਾ ਨੂੰ ਤਰਜੀਹ ਦੇ ਰਿਹਾ ਹੈ। ਵਡੇ ਸ਼ਹਿਰਾਂ ਵਿਚ ਪੰਜਾਬੀ ਮਾਪੇ ਬਚਿਆ ਨਾਲ ਅੰਗ੍ਰੇਜ਼ੀ ਜਾਂ ਹਿੰਦੀ ਵਿਚ ਗਲ ਕਰਨਾ ਸਹਿਜ ਮਹਿਸੂਸ ਕਰਦੇ ਹਨ, ਕਿਓਂਕਿ ਸਕੂਲਾ ਵਿਚ ਬਚੇ ਹਿੰਦੀ ਅਤੇ

ਅੰਗ੍ਰੇਜ਼ੀ ਮਹੌਲ ਵਿਚ ਵਿਚਰਦੇ ਹਨ। ਮਾਪੇ ਸਮਝਦੇ ਹਨ ਕਿ ਮੁਕਾਬਲੇਬਾਜੀ ਦੇ ਯੁਗ ਵਿਚ ਅੰਗ੍ਰੇਜੀ ਤੋਂ ਬਿਨਾ ਸਰ ਨਹੀਂ ਸਕਦਾ। ਜੇ ਬਚੇ ਨੇ ਕੁਝ ਬਣਨਾ ਹੈ ਤਾਂ ਅੰਗ੍ਰੇਜ਼ੀ ਵਿਚ ਨੀਹ ਪੱਕੀ ਹੋਣੀ ਚਾਹੀਏ। ਪੰਜਾਬੀ ਵਿਚ ਉਚ ਸਿਖਸ਼ਾ ਲੈਕੇ ਬੰਦਾ ਸਕੂਲਾਂ ਕਾਲਜਾਂ ਵਿਚ ਅਧਿਆਪਕ ਬਣ ਸਕਦਾ ਹੈ ਲੇਖਕ ਬਣ ਸਕਦਾ ਹੈ ਜਾਂ ਫਿਰ ਧਾਰਮਿਕ ਪ੍ਰਵਕਤਾ ਹੋ ਸਕਦਾ ਹੈ। ਪਰ ਅਜੋਕੇ ਸਾਇੰਸ ਅਤੇ ਕੰਪਿਓਟਰ ਯੁਗ ਦੇ ਖੇਤਰ ਵਿਚ ਜੋ ਜੌਬਾਂ ਆਮ ਨਿਕਲਦੀਆ ਹਨ, ਉਨ੍ਹਾ ਵਾਸਤੇ ਪੰਜਾਬੀ ਉਚਸਿਖਸ਼ਤ ਫਿਟ ਨਹੀਂ ਆਉਂਦੇ। ਪੜ੍ਹਾਈ ਕਰਨ ਦਾ ਮੁਖ ਪ੍ਰਯੋਜਨ ਕੇਵਲ ਰੁਜ਼ਗਾਰ ਵਾਸਤੇ ਤਿਆਰ ਹੋਣਾ ਹੁੰਦਾ ਹੈ। ਅਜ ਦੁਨੀਆ ਬਹੁਤ ਛੋਟੀ ਹੋ ਚੁਕੀ ਹੈ। ਇਕ ਮੁਲਕ ਦੇ ਰੁਜ਼ਗਾਰ ਦਾਤਾ ਦੂਸਰੇ ਮੁਲਕਾਂ ਵਿਚ ਬੈਠੇ ਬੰਦਿਆ ਤੋਂ ਸਸਤੇ ਭਾਅ ਕੰਮ ਕਰਵਾ ਰਹੇ ਹਨ। ਗਲੋਬਲ ਮਾਰਕਿਟ ਵਿਚ ਜਿਥੋਂ ਵੀ ਕੋਈ ਚੀਜ਼ ਸਸਤੀ ਮਿਲਦੀ ਹੈ, ਉਥੋਂ ਗਾਹਕ ਖਰੀਦ ਲੈਂਦਾ ਹੈ। ਪੰਜਾਬੀ ਅਤੇ ਹਿੰਦੀ ਕਾਰਣ ਜੋ ਲਕੀਰ 1951 ਵਿਚ ਖਿਚੀ ਗਈ ਸੀ, ਉਸ ਨਾਲ ਜੋ ਭਾਈਚਾਰਕ ਜ਼ਖਮ ਹੋਏ ਅਤੇ ਪੰਜਾਬ ਦੇ ਨੁਕਸਾਨ ਹੋਏ, ਉਹ ਅਜ ਤਕ ਸੁਲਗ ਰਹੇ ਹਨ। ਪੰਜਾਬੀ ਸੂਬੇ ਨਾਲ ਪੰਜਾਬ ਦਾ ਆਕਾਰ ਛੋਟਾ ਹੋ ਗਿਆ।

ਹਰਿਆਣਾ ਪੈਦਾ ਕਰਕੇ ਲੋਕਾਂ ਨੂੰ ਤਿੰਨ ਸੂਬਿਆਂ ਵਿਚ ਵੰਡ ਦਿਤਾ ਗਿਆ । ਚੰਦੀਗੜ੍ਹ ਜੋ ਬਣਿਆ ਹੀ ਪੰਜਾਬ ਦੀ ਰਾਜਧਾਨੀ ਖਾਤਰ ਸੀ ਉਹ ਖੁਸ ਗਿਆ। ਸਰਕਾਰੀ ਸਕੂਲਾਂ ਦਾ ਭੱਠਾ ਬੈਠ ਗਿਆ। ਪੰਜਾਬੀ ਦੇ ਸਰਕਾਰੀਕਰਣ ਹੋਣ ਨਾਲ ਦਫਤਰਾ ਵਿਚ ਤਿੰਨ ਤਿੰਨ ਤਰ੍ਹਾ ਦੇ ਫਾਰਮਾ ਕਾਰਣ (ਪੰਜਾਬੀ ਹਿੰਦੀ ਅਤੇ ਇੰਗਲਿਸ਼) ਕਰਮਚਾਰੀਆ ਅਤੇ ਬਿਨੇਕਾਰਾ ਲਈ ਔਕੜਾ ਬਣ ਗਈਆ। ਇਸ ਸਾਰੀ ਘੜਮਸ ਕਾਰਣ ਪੰਜਾਬ ਦਾ ਅਜ ਬੁਰਾ ਹਾਲ ਹੋ ਚੁਕਾ ਹੈ। ਹਿੰਦੂ ਸਿੱਖ ਪ੍ਰੇਮ ਉਡ ਪੁਡ ਗਿਆ ਹੈ। ਅਲੈਕਸ਼ਨਾ ਸਮੇ, ਧਰਮ, ਜਾਤੀ ਅਤੇ ਇਲਾਕੇ ਮੁਦਾ ਬਣਦੇ ਹਨ। ਅਣਗਿਣਤ ਪਾਰਟੀਆਂ ਬਣ ਚੁਕੀਆ ਹਨ। ਅਲੈਕਸ਼ਨਾ ਦੇ ਕੀ ਨਤੀਜੇ ਨਿਕਲਣਗੇ, ਇਸਦੀ ਕੋਈ ਪੇਸ਼ੀਨਗੋਈ ਨਹੀਂ ਕਰ ਸਕਦਾ।

ਜਰੂਰਤ ਕਾਢ ਦੀ ਮਾਂ ਹੈ। ਲੋਕ-ਮਨ ਦਾ ਵਹਾਓ ਦੂਸਰਿਆ ਦੀਆ ਗਲਾਂ ਵਿਚ ਆਕੇ ਆਪਣਾ ਨੁਕਸਾਨ ਕਰਵਾਉਣ ਵਿਚ ਬਿਲਕੁਲ ਨਹੀਂ ਹੁੰਦਾ। ਇਹ ਵਹਾਓ ਉਧਰ ਹੀ ਜਾਂਦਾ ਹੈ ਜਿਧਰੋਂ ਇਸ ਨੂੰ ਫਾਇਦਾ ਹੁੰਦਾ ਦਿਸੇ। ਅਜ ਹਾਲਾਤ ਇਹ ਹਨ ਕਿ ਸੰਸਾਰ ਦੀ ਇਕੋ ਇਕ ਜ਼ੁਬਾਨ ਅੰਗ੍ਰੇਜੀ ਹੋਣੇ ਜਾ ਰਹੀ ਹੈ। ਚੀਨ ਅਤੇ ਰੂਸ ਵਰਗੇ ਮੁਲਕ ਜੋ ਆਪਣੀਆ ਭਾਸ਼ਾਵਾ ਤੋਂ ਬਾਹਰ ਨਹੀ ਸੀ ਜਾਂਦੇ ਹੁਣ ਅੰਗ੍ਰੇਜ਼ੀ ਦੇ ਟੀਚਰ ਦਰਾਮਦ ਕਰ ਰਹੇ ਹਨ। ਅਮਰੀਕਾ ਕਨੇਡਾ ਅਤੇ ਯੂਕੇ ਤੋਂ ਇਲਾਵਾ ਕਈ ਹੋਰ ਮੁਲਕਾਂ ਨਾਲ ਤਕਨੀਕੀ ਜਾਣਕਾਰੀਆ ਲੈਣ ਦੇਣ ਲਈ ਅੰਗ੍ਰੇਜ਼ੀ ਸਿੱਖਣਾ ਜਰੂਰੀ ਹੋ ਗਿਆ ਹੈ। ਹਰ ਮੁਲਕ ਦੀ ਇਕ ਰਾਸ਼ਟਰੀ ਭਾਸ਼ਾ ਹੋਣਾ ਜਰੂਰੀ ਹੋ ਗਿਆ ਹੈ ਤਾਂ ਜੋ ਸੰਪੂਰਣ ਮੁਲਕ ਦੇ ਨਿਵਾਸੀ ਕੇਂਦਰ ਤੋਂ ਬੋਲੇ ਜਾਂਦੇ ਸੁਨੇਹੇ ਸਮਝ ਸਕਣ। ਸਰਕਾਰਾਂ ਅਤੇ ਲੋਕਾਂ ਵਿਚ ਤਾਲਮੇਲ ਵਧ ਸਕੇ। ਸੂਬਾਈ ਭਾਸ਼ਾ ਕੋਈ ਵੀ ਹੋਵੇ ਪਰ ਰਾਸ਼ਟਰੀ ਭਾਸ਼ਾ ਦਾ ਗਿਆਨ ਹੋਣਾ ਜਰੂਰੀ ਹੋ ਜਾਂਦਾ ਹੈ। ਜਦ ਸੰਸਾਰ ਵਿਚ ਆਵਾਜਾਵੀ ਦੇ ਸਾਧਨ ਸੀਮਤ ਸਨ ਤਾਂ ਹਰ ਖਿਤੇ ਦੀ ਆਪਣੀ ਬੋਲੀ ਹੁੰਦੀ ਸੀ। ਬੰਦਾ ਆਪਣੀ ਬੋਲੀ ਪ੍ਰਤੀ ਸੰਜੀਦਾ ਹੁੰਦਾ ਸੀ। ਦਿਨਚਰੀਆ ਉਸੇ ਬੋਲੀ ਵਿਚ ਬੀਤਦਾ ਸੀ। ਉਸੇ ਬੋਲੀ ਨੂੰ ਮਾਂ ਬੋਲੀ ਕਿਹਾ ਜਾਂਦਾ ਸੀ। ਇਸ ਬੋਲੀ ਨੂੰ ਸਭ ਧਰਮਾ ਦੇ ਲੋਕ ਬੋਲਦੇ ਸਨ।

ਕਦੇ ਕਿਸੇ ਨੂੰ ਛੰਕਾ ਨਹੀਂ ਹੁੰਦੀ ਸੀ ਕਿ ਇਹ ਬੋਲੀ ਕਿਸੇ ਧਰਮ ਦੀ ਹੈ ਜਾਂ ਕਿਸੇ ਖਾਸ ਸਭਿਆਚਾਰ ਦੀ ਹੈ। ਹਰ ਤਰ੍ਹਾ ਦਾ ਬੰਦਾ ਇਸ ਬੋਲੀ ਨੂੰ ਮਾ ਬੋਲੀ ਸਮਝਦਾ ਸੀ। ਜਦ ਇਕ ਮੁਲਕ ਦਾ ਖੋਜਕਾਰ ਜਾਂ ਧਾਰਮਿਕ ਪ੍ਰਚਾਰਕ ਦੂਸਰੇ ਮੁਲਕ ਵਿਚ ਜਾਂਦਾ ਸੀ ਤਾਂ ਉਸਨੂੰ ਉਸ ਮੁਲਕ ਦੀ ਭਾਸ਼ਾ ਦਾ ਗਿਆਨ ਲੈਣਾ ਪੈਂਦਾ ਸੀ। ਐਸੇ ਲੋਕਾਂ ਨੂੰ ਕਈ ਕਈ ਜ਼ੁਬਾਨਾ ਦਾ ਗਿਆਨ ਹੁੰਦਾ ਸੀ ਪਰ ਆਮ ਜੰਤਾ ਆਪਣੀ ਹੀ ਬੋਲੀ ਤਕ ਸੀਮਤ ਰਹਿੰਦੀ ਸੀ। ਜਿਓ ਜਿਓ ਪੜ੍ਹਾਈ ਲਿਖਾਈ ਦਾ ਦੌਰ ਚਾਲੂ ਹੋਇਆ ਤਦ ਤੋਂ ਦੂਸਰੀਆ ਭਾਸ਼ਾਵਾਂ ਦਾ ਗਿਆਨ ਵੀ ਆਮ ਲੋਕਾਂ ਵਿਚ ਵਧਦਾ ਗਿਆ। ਯਾਦ ਰਹੇ, ਅਜਿਹੇ ਗਿਆਨੀਆ ਵਿਚ ਆਪਣੇ ਖਿਤੇ ਦੀ ਜ਼ੁਬਾਨ ਬਾਰੇ ਤੀਖਣ ਪਿਆਰ ਨਹੀਂ ਰਹਿ ਜਾਦਾ। ਉਨ੍ਹਾ ਨੂੰ ਜਰੂਰਤ ਮੁਤਾਬਿਕ ਦੂਸਰੀਆ ਭਾਸ਼ਾਵਾ ਵਿਚ ਬਾਤਚੀਤ ਕਰਨਾ ਬੁਰਾ ਨਹੀਂ ਲਗਦਾ।

ਹੁਣੇ ਹੁਣੇ ਕਿਸਾਨ ਅੰਦੋਲਨ ਸਮੇ ਇਕ ਬੜੀ ਦਿਲਚਸਪ ਗਲ ਉਭਰਕੇ ਸਾਹ-ਮਣੇ ਆਈ ਸੀ। ਪੰਜਾਬੀ ਦੇ ਭਾਸ਼ਣਕਾਰ ਸਟੇਜਾ ਤੋਂ ਹਿੰਦੀ ਵਿਚ ਲੈਕਚਰ ਦੇ ਰਹੇ ਸਨ। ਉਹ ਸਿੱਖ ਜੋ ਕਿਸੇ ਦੂਸਰੇ ਸਿੱਖ ਨੂੰ ਹਿੰਦੀ ਜਾ ਅੰਗ੍ਰੇਜ਼ੀ ਵਿਚ ਗਲ ਕਰਦੇ ਨੂੰ ਟੋਕ ਦੇਂਦੇ ਸਨ, ਖੁਦ ਸਟੇਜਾਂ ਉਪਰ ਹਿੰਦੀ ਬੋਲ ਰਹੇ ਸਨ। ਕਾਰਣ? ਦੇਸ਼ ਦੇ ਦੂਸਰੇ ਸੂਬਿਆ ਦੇ ਕਿਸਾਨਾ ਦਾ ਸਾਥ ਲੈਣ ਲਈ ਇਹ ਕੁਝ ਕਰਨਾ ਜਰੂਰੀ ਹੋ ਗਿਆ ਸੀ। ਕਰੋਨਾ ਕਾਲ ਸਮੇ ਲੋਕ ਇਕੱਠਾ ਉਪਰ ਪਾਬੰਦੀਆ ਲਗੀਆ ਫਲਸਰੂਪ ਵਰਚੂਅਲ ਇਕੱਠ ਕਰਨ ਦੀ ਨੌਬਤ ਬਣੀ। ਅਮੂਮਨ ਔਨ ਲਾਈਨ ਇਕੱਠ ਕਰਨ ਵਾਸਤੇ ਦਿਕਤ ਬਣਦੀ ਹੈ। ਸਭ ਲੋਕਾਂ ਕੋਲ ਇਹ ਸੁਵੀਧਾ ਨਹੀਂ ਹੁੰਦੀ। ਫਲਸਰੂਪ ਦੇਸ਼ ਪਧਰ ਤੇ ਲੋਕਾਂ ਨੂੰ ਇਕਤਰ ਕਰਨ ਲਈ ਆਪਣੀ ਪੰਜਾਬੀ ਜ਼ੁਬਾਨ ਦੀ ਜਗਾਹ ਰਾਸ਼ਟਰੀ ਭਾਸ਼ਾ ਹਿੰਦੀ ਵਿਚ ਬੋਲਣ ਦੀ ਮਜਬੂਰੀ ਬਣੀ ਹੈ। ਰਣਜੀਤ ਸਿੰਘ ਢੰਡਰੀਆ ਵਾਲੇ, ਵਰਗੇ ਕਈ ਪੰਜਾਬੀ ਪ੍ਰਚਾਰਕ ਹਿੰਦੀ ਵਿਚ ਬੋਲਣ ਦਾ ਅਭਿਆਸ ਕਰਨ ਲਗ ਪਏ ਹਨ। ਸਾਫ ਹੋ ਜਾਂਦਾ ਹੈ ਕਿ ਬੰਦੇ ਦੀ ਜਰੂਰਤ ਹੀ ਇਹ ਸਭ ਕੁਝ ਕਰਵਾਉਂਦੀ ਹੈ। ਜਰੂਰਤ ਸਮੇ ਮੋਹ ਮਾਇਆ ਤਿਆਗਣੀ ਪੈਂਦੀ ਹੈ।

ਅਕਾਸ਼ੀ ਅਤੇ ਨਿਰਪੱਖ ਨਜ਼ਰ ਨਾਲ ਇਸ ਸਭ ਕੁਝ ਨੂੰ ਵੇਖਿਆ ਜਾਵੇ ਤਾਂ ਪੰਜਾਬੀ ਨਾਲ ਉਲਾਰ ਕਿਸਮ ਦਾ ਮੋਹ ਵਾਜੁਬ ਨਹੀਂ ਹੈ। ਇਸ ਤਰ੍ਹਾ ਪੰਜਾਬੀ ਕੇਵਲ ਸਿੱਖਾ ਦੀ ਬੋਲੀ ਮੰਨ ਲਈ ਜਾਂਦੀ ਹੈ ਜੋ ਸਚ ਨਹੀਂ ਹੈ। ਪੰਜਾਬੀ ਪ੍ਰਤੀ ਅਵੈੜ ਮੋਹ ਦੂਸਰੇ ਭਾਈਚਾਰਿਆ ਨੂੰ ਰੜਕਦਾ ਹੈ। ਰੀਸੋ ਰੀਸੀ ਉਹ ਵੀ ਧਰਮ ਅਤੇ ਬੋਲੀ ਪੱਖੀ ਕਠੋਰ ਬਣਦੇ ਹਨ। ਸਮੇ ਦੀ ਮੰਗ ਹੈ ਕਿ ਬਿਨਾ ਕਿਸੇ ਪੱਖਪਾਤ ਪੰਜਾਬੀ ਅਤੇ ਹਿੰਦੀ ਪੰਜਾਬ ਦੇ ਹਰ ਸਕੂਲ ਵਿਚ ਪੜ੍ਹਾਈ ਜਾਵੇ ਤਾਂ ਜੋ ਹਰ ਬੱਚਾ ਦੋਨੋ ਜ਼ੁਬਾਨਾ ਪੜ੍ਹ ਲਿਖ ਸਕੇ। ਹਾਈਸਕੂਲ ਤੋਂ ਅਗੇ ਇਹ ਸਬਜੈਕਟ ਆਪਸ਼ਨਲ ਹੋਣ। ਇਕ ਰਾਸ਼ਟਰੀ ਭਾਸ਼ਾ ਹੋਣ ਵਿਚ ਕੋਈ ਬੁਰਾਈ ਨਹੀਂ ਹੈ। ਮੁਲਕ ਦੀ ਇਕਜੁਟਤਾ ਲਈ ਇਹ ਬੜਾ ਜਰੂਰੀ ਹੈ। ਇਸ ਨਾਲ ਜਿਥੇ ਸਰਕਾਰੀ ਖਰਚੇ ਘਟਣਗੇ ਉਥੇ ਆਮ ਲੋਕਾਂ ਦੀ ਸੁਵਿਧਾ ਵਿਚ ਵਾਧਾ ਹੋਵੇਗਾ। ਭਾਰਤ ਦੀ ਰਾਸ਼ਟਰੀਭਾਸ਼ਾ ਵੇਖਣ ਸੁਣਨ ਲਈ ਹਿੰਦੀ ਹੀ ਲਗਦੀ ਹੈ ਪਰ ਇਹ ਸਚ ਨਹੀਂ ਹੈ। ਭਾਰਤ ਦੇ ਸੰਵੀਧਾਨ ਵਿਚ ਭਾਰਤ ਦੀ ਰਾਜਭਾਸ਼ਾ (ਦਫਤਰੀ) ਭਾਵੇ ਹਿੰਦੀ ਲਿਖੀ ਹੋਈ ਹੈ ਪਰ ਇਸ ਨੂੰ ਭਾਰਤ ਦੀ ਨੈਸ਼ਨਲ ਲੈਂਗੁਏਜ (ਰਾਸ਼ਟਰੀ ਭਾਸ਼ਾ) ਨਹੀਂ ਦਰਸਾਇਆ ਗਿਆ। ਕਿਓਂਕਿ ਰਾਸ਼ਟਰੀ ਭਾਸ਼ਾ ਹਿੰਦੀ ਹੋਣ ਦਾ ਮਤਲਬ ਬਣਦਾ ਹੈ ਕਿ ਰਾਸ਼ਟਰ ਦੇ ਸਭ ਲੋਕ ਹਿੰਦੀ ਬੋਲਦੇ ਹਨ। ਜੋ ਸਚ ਨਹੀਂ ਹੈ। ਇਸ ਪ੍ਰਤੀ ਜਦੋ ਜਹਿਦ ਚਲ ਰਹੀ ਹੈ। ਭਾਰਤੀ ਸਰਕਾਰ ਚਹੁੰਦੀ ਹੈ ਕਿ ਇਸ ਤਰ੍ਹਾ ਹੋ ਜਾਵੇ ਪਰ ਲੋਕਾਂ ਵਿਚ ਇਸ ਬਾਰੇ ਹਾਲਾ ਜਾਗਰੂਕਤਾ ਦੀ ਘਾਟ ਹੈ।

ਕਿਇਸ ਵਿਚ ਕੋਈ ਛਕ ਨਹੀਂ ਕਿ ਕਿਸੇ ਵੀ ਮਾਤਭਾਸ਼ਾ ਦਾ ਆਪਣੀ ਲਿਪੀ ਵਿਚ ਗਿਆਨ ਹੋਣਾ ਬਹੁਤ ਅਹਿਮ ਹੈ। ਉਸ ਖਿਤੇ ਵਿਚ ਬੋਲੇ ਜਾਂਦੇ ਸ਼ਬਦਾ ਦਾ ਗਿਆਨ ਲਿਖਤੀ ਰੂਪ ਵਿਚ ਮਿਲ ਜਾਂਦਾ ਹੈ। ਆਪਣੇ ਵਿਰਸੇ ਦੀ ਜਾਣਕਾਰੀ ਮਿਲਦੀ ਹੈ। ਆਪਣੇ ਸਭਿਆਚਾਰ ਬਾਰੇ ਪਾਠਕ ਨੂੰ ਆਪਣੀ ਜ਼ੁਬਾਨ ਵਿਚ ਲਿਖਿਆ ਮਿਲ ਜਾਂਦਾ ਹੈ। ਕਿਓਂਕਿ ਉਸਦੇ ਲੇਖਕ ਬਹੁਤ ਕੁਝ ਲਿਖ ਜਾਂਦੇ ਹਨ। ਪਰ ਇਸਦੀ ਇਕ ਸੀਮਾ ਹੈ। ਜਿਵੇਂ ਦਸਵੀ ਤਕ ਦੀ ਪੜ੍ਹਾਈ ਦੁਨੀਆਦਾਰੀ ਕਰਨ ਲਈ ਕਾਫੀ ਹੁੰਦੀ ਹੈ। ਕਾਲਜਾਂ ਵਿਚ ਕੀਤੀ ਪੜ੍ਹਾਈ ਕਦੇ ਰੋਜ਼ ਮਰ੍ਹਾ ਜਿੰਦਗੀ ਵਿਚ ਉਨੇ ਕੰਮ ਨਹੀਂ ਆਉਂਦੀ ਜਿਨੀ ਮੈਟਰਿਕ ਤਕ ਕੀਤੀ ਕੰਮ ਆਉਦੀ ਹੈ। ਇਸੇ ਤਰਾਂਹ ਮਾਤਭਾਸ਼ਾ ਦੇ ਗਿਆਨ ਲਈ ਮਿਡਲ ਕਲਾਸਾ ਤਕ ਦੀ ਪੜ੍ਹਾਈ ਕਾਫੀ ਹੁੰਦੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:
01191-9779100149



ਸ਼ਗਨਾਂ ਵਾਲੀ ਥੈਲੀ





ਡੀਜ਼ਾਈਨਰ ਸੂਟ

ਸ਼ਾਲ





## ਹਲਕਾ ਫੁਲਕਾ

ਪੱਪੂ ਵਿਆਹ ਦੀ ਰਿਸੈਪਸ਼ਨ ਵਿੱਚ ਆਈਸਕਰੀਮ ਦੇ ਸਟਾਲ ਉੱਤੇ ਖੜ੍ਹਾ ਸੀ ਅਤੇ ਆਈਸਕਰੀਮ ਲਿਜਾਣ ਵਾਲੇ ਹਰ ਵਿਅਕਤੀ ਦੇ ਮੱਥੇ ਉੱਤੇ ਟਿੱਕਾ ਲਾ ਰਿਹਾ ਸੀ। ਇਹ ਦੇਖ ਕੇ ਇੱਕ ਸੱਜਣ ਨੇ ਕਿਹਾ, ''ਵਾਹ! ਤੁਹਾਡੇ ਪਰਵਾਰ ਵਿੱਚ ਇਹ ਬਹੁਤ ਸੁੰਦਰ ਤੇ ਚੰਗਾ ਰਿਵਾਜ਼ ਹੈ, ਬਹੁਤ ਖੁਸ਼ੀ ਹੋਈ ਦੇਖ ਕੇ।''

ਪੱਪੂ, ''ਅੰਕਲ ਜੀ! ਇਹ ਕੋਈ ਰਿਵਾਜ਼ ਨਹੀਂ, ਇਹ ਤਾਂ ਇਸ ਲਈ ਹੈ ਕਿ ਜੇ ਕੋਈ ਦੂਸਰੀ ਵਾਰ ਆਈਕਰੀਮ ਲੈਣ ਆਵੇ ਤਾਂ ਉਸੇ ਵੇਲੇ ਪਤਾ ਲੱਗ ਜਾਂਦਾ ਹੈ।''

*******

ਪਤਨੀ, ''ਸੁਣੋ ਜੀ! ਸਾਡਾ ਵਿਆਹ ਕਰਵਾਉਣ ਵਾਲੇ ਪੰਡਤ ਜੀ ਦਾ ਦਿਹਾਂਤ ਹੋ ਗਿਆ।''

ਪਤੀ, ''ਇੱਕ ਨਾ ਇੱਕ ਦਿਨ ਤਾਂ ਉਸ ਨੂੰ ਕਰਮਾਂ ਦਾ ਫਲ ਮਿਲਣਾ ਹੀ ਸੀ।''

*******

# ਗਵਰਨਰ ਸਤਿਆਪਾਲ ਮਲਿਕ ਫਿਰ ਕਿਸਾਨ ਅੰਦੋਲਨ ਦੇ ਲਈ ਕੇਂਦਰ ਉੱਤੇ ਵਰ੍ਹੇ



ਜੀਂਦ, 8 ਮਾਰਚ (ਪੋਸਟ ਬਿਊਰੋ)- ਮੇਘਾਲਿਆ ਦੇ ਗਵਰਨਰ ਸਤਿਆਪਾਲ ਮਲਿਕ ਨੇ ਕਿਸਾਨ ਅੰਦੋਲਨਕਾਰੀਆਂ ਵੱਲੋਂ ਪਿਛਲੇ ਸਾਲ ਲਾਲ ਕਿਲ੍ਹੇ ਉੱਤੇ ਕੇਸਰੀ ਝੰਡਾ ਲਹਿਰਾਉਣ ਨੂੰ ਸਹੀ ਦੱਸਦੇ ਹੋਏ ਕਿਹਾ ਕਿ ਇਸ ਵਿੱਚ ਕੁਝ ਵੀ ਗ਼ਲਤ ਨਹੀਂ ਸੀ। ਕਿਸਾਨ ਅੰਦੋਲਨ ਲਈ ਇੱਕ ਵਾਰ ਮੁੜ ਕੇਂਦਰ ਸਰਕਾਰ ਅਤੇ ਉਸ ਦੇ ਆਗੂਆਂ ਦੀ ਤਿੱਖੀ ਆਲੋਚਨਾ ਕਰਦੇ ਹੋਏ ਸਤਿਆਪਾਲ ਮਲਿਕ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸੱਤਾ ਬਦਲਣ ਅਤੇ ਕਿਸਾਨਾਂ ਦੀ ਸਰਕਾਰ ਬਣਾਉਣ ਲਈ ਇੱਕਜੁਟ ਹੋਣ। ਉਨ੍ਹਾਂ ਕਿਹਾ ਕਿ ਉਹ ਗਵਰਨਰਵਜੋਂ ਆਪਣਾ ਕਾਰਜਕਾਲ ਖ਼ਤਮ ਹੋਣ ਤੋਂ ਬਾਅਦ ਖ਼ੁਦ ਦੇਸ਼ ਦਾ ਦੌਰਾ ਕਰ ਕੇ ਕਿਸਾਨਾਂ ਨੂੰ ਇੱਕਜੁਟ ਕਰਨਗੇ। ਉਨ੍ਹਾਂ ਦਾ ਕਹਿਣਾ ਸੀ ਕਿ ਸਰਕਾਰ ਨੇ ਕਿਸਾਨਾਂ ਦੇ ਨਾਲ ਅੱਧਾ-ਅਧੂਰਾ ਸਮਝੌਤਾ ਕਰਕੇ ਉਨ੍ਹਾਂ ਨੂੰ ਧਰਨੇ ਤੋਂ ਉਠਾ ਦਿੱਤਾ, ਪਰ ਮਾਮਲਾ ਵੈਸੇ ਦਾ ਵੈਸਾ ਹੈ।

ਗਵਰਨਰ ਸਤਿਆਪਾਲ ਨੇ ਦੋਸ਼ ਲਾਇਆ ਕਿ 'ਪ੍ਰਧਾਨ ਮੰਤਰੀ ਦੇ ਇੱਕ ਦੋਸਤ ਪਾਣੀਪਤ ਵਿੱਚ 50 ਏਕੜ ਖੇਤਰ ਵਿੱਚ ਗੋਦਾਮ ਬਣਾ ਕੇ ਸਸਤੇ ਭਾਅ ਕਣਕ ਖ਼ਰੀਦਣ ਦਾ ਸੁਫ਼ਨਾ ਦੇਖ ਰਹੇ ਹਨ।' ਮਲਿਕ ਕੱਲ੍ਹ ਇੱਥੇ ਪਿੰਡ ਕੰਡੇਲਾ ਵਿਖੇ ਕੰਡੇਲਾ ਖਾਪ ਅਤੇ ਮਾਜਰਾ ਖਾਪ ਵੱਲੋਂ ਕਰਵਾਏ ਕਿਸਾਨ ਸਨਮਾਨ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਇਹ ਵੀ ਪ੍ਰਗਟਾਵਾ ਕੀਤਾ ਕਿ ਉਨ੍ਹਾਂ ਦੇ ਕੁਝ ਦੋਸਤਾਂ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਸੀ ਕਿ ਉਹ ਉਪ ਰਾਸ਼ਟਰਪਤੀ ਜਾਂ ਰਾਸ਼ਟਰਪਤੀ ਬਣ ਸਕਦੇ ਹਨ, ਇਸ ਲਈ ਉਨ੍ਹਾਂ ਨੂੰ ਚੁੱਪ ਰਹਿਣਾ ਚਾਹੀਦਾ ਹੈ, ਪਰ ਮਲਿਕ ਦੇ ਅਨੁਸਾਰ'ਮੈਂ ਉਸ ਨੂੰ ਕਿਹਾ ਕਿ ਮੈਨੂੰ ਇਨ੍ਹਾਂ ਅਹੁਦਿਆਂ ਦੀ ਪ੍ਰਵਾਹ ਨਹੀਂ।' ਉਨ੍ਹਾਂ ਕਿਹਾਕਿ ਗਵਰਨਰ ਦਾ ਅਹੁਦਾ ਉਨ੍ਹਾਂ ਲਈ ਮਹੱਤਵਪੂਰਨ ਨਹੀਂ। ਉਨ੍ਹਾਂ ਨੇ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਉਹ ਸੱਤਾ ਬਦਲਣ ਦੇ ਲਈ ਇਕੱਠੇ ਹੋ ਕੇ ਦਿੱਲੀ ਵਿੱਚ ਆਪਣੀ ਸਰਕਾਰ ਬਣਾਉਣ ਤਾਂ ਜੋ ਉਨ੍ਹਾਂ ਨੂੰ ਕਿਸੇ ਤੋਂ ਕੁਝ ਨਾ ਮੰਗਣਾ ਪਵੇ, ਲੋਕ ਉਨ੍ਹਾਂ ਤੋਂ ਮੰਗਣ। ਉਨ੍ਹਾ ਨੇ ਨਰਾਜ਼ਗੀ ਨਾਲ ਕਿਹਾ ਕਿ ਪ੍ਰਧਾਨ ਮੰਤਰੀ ਦੀ ਰਿਹਾਇਸ਼ ਕਿਸਾਨਾਂ ਦੇ ਧਰਨੇ ਵਾਲੀ ਥਾਂ ਤੋਂ ਸਿਰਫ ਦਸ ਕਿਲੋਮੀਟਰ ਦੀ ਦੂਰ ਸੀ ਅਤੇ ਇੱਕ ਸਾਲ ਤੋਂ ਵਧ ਸਮਾਂ ਚਲੇ ਉਨ੍ਹਾਂ ਦੇ ਅੰਦੋਲਨ ਦੌਰਾਨ ਵੱਡੀ ਗਿਣਤੀ ਵਿੱਚ ਕਿਸਾਨਾਂ ਦੀ ਜਾਨ ਚਲੀ ਗਈ,ਪਰ ਸਰਕਾਰ ਵੱਲੋਂ ਕੋਈ ਵੀ ਸੋਗ ਪ੍ਰਗਟ ਕਰਨ ਲਈ ਨਹੀਂ ਆਇਆ।

# ਕੰਧਾਰ ਜਹਾਜ਼ ਅਗਵਾ ਕਾਂਡ ਵਾਲੇ ਜਹੂਰ ਮਿਸਤਰੀ ਦੀ ਹੱਤਿਆ



ਕਰਾਚੀ, 8 ਮਾਰਚ (ਪੋਸਟ ਬਿਊਰੋ)- ਸਾਲ 1999 ਵਿੱਚ ਭਾਰਤ ਦੀ ਏਅਰ ਇੰਡੀਆ ਦੇ ਆਈ ਸੀ-814 ਜਹਾਜ਼ ਨੂੰ ਅਗਵਾ ਕਰਨ ਵਿੱਚ ਸ਼ਾਮਲ ਜਹੂਰ ਮਿਸਤਰੀ ਉਰਫ਼ ਜਾਹਿਦ ਅਖੁੰਦ ਦੀ ਇੱਕ ਮਾਰਚ ਨੂੰ ਪਾਕਿਸਤਾਨ ਦੇ ਕਰਾਚੀ ਵਿੱਚ ਹੱਤਿਆ ਹੋ ਗਈ ਹੈ। ਦਸੰਬਰ 1999 ਵਿੱਚ ਕੰਧਾਰ ਜਹਾਜ਼ ਅਗਵਾ ਮਾਮਲੇ ਦੇ ਪੰਜ ਅਗਵਾਕਾਵਾਂ ਵਿੱਚੋਂ ਇੱਕ ਜਹੂਰ ਮਿਸਤਰੀ ਪਿਛਲੇ ਕਈ ਸਾਲਾਂ ਤੋਂ ਜਾਇਦ ਅਖੁੰਦ ਦੀ ਨਵੀਂ ਪਛਾਣ ਨਾਲ ਕਰਾਚੀ ਵਿੱਚ ਰਹਿ ਰਿਹਾ ਸੀ। ਅਖੁੰਦ ਕਰਾਚੀ ਦੀ ਅਖਤਰ ਕਾਲੋਨੀ ਦੇ ਅੰਦਰ ਕ੍ਰਿਸੇਂਟ ਫਰਨੀਚਰ ਦਾ ਮਾਲਕ ਸੀ।

ਖੁਫੀਆ ਸੂਤਰਾਂ ਨੇ ਇਸ ਗੱਲ ਦੀ ਇਹ ਪੁਸ਼ਟੀ ਕੀਤੀ ਹੈ ਕਿ ਰਊਫ ਅਸਗਰ ਸਮੇਤ ਜੈਸ਼-ਏ-ਮੁਹੰਮਦ ਦੇ ਟਾਪ ਅੱਤਵਾਦੀਆਂ ਨੇ ਕਰਾਚੀ ਵਿੱਚ ਅਖੁੰਦ ਦੇ ਜਨਾਜੇ ਵਿੱਚ ਹਿੱਸਾ ਲਿਆ। ਵਰਨਣ ਯੋਗ ਹੈ ਕਿ ਅਸਗਰ ਜੈਸ਼-ਏ-ਮੁਹੰਮਦ ਦੇ ਆਪ੍ਰੇਸ਼ਨਲ ਚੀਫ ਅਤੇ ਜੈਸ਼ ਦੇ ਮੁਖੀ ਮਸੂਦ ਅਜਹਰ ਦਾ ਭਰਾ ਹੈ। ਜੀਓ ਟੀ ਵੀ ਨੇ ਕਰਾਚੀ ਦੇ ਇੱਕ ਬਿਜਨੈਸਮੈਨ ਦੀ ਹੱਤਿਆ ਦੀ ਪੁਸ਼ਟੀ ਕੀਤੀ ਹੈ, ਪਰ ਮ੍ਰਿਤਕਦੇ ਨਾਂ ਜਾਂ ਕਿਸ ਵਿਅਕਤੀ ਦੀ ਹੱਤਿਆ ਹੋਈ ਅਤੇ ਕਿਸ ਮਕਸਦ ਨਾਲ ਕੀਤੀ ਗਈ, ਇਹ ਜਾਣਕਾਰੀ ਨਹੀਂ ਸੀ ਦਿੱਤੀ। ਜੀਓ ਟੀ ਵੀ ਨੇ ਹੱਤਿਆ ਦੀ ਸੀ ਸੀ ਟੀ ਵੀ ਫੁਟੇਜ ਵੀ ਰਿਲੀਜ਼ ਕੀਤੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਅੱਤਵਾਦੀ ਜਹੂਰ ਦੀ ਹੱਤਿਆ ਸੋਚੇ-ਸਮਝੇ ਤਰੀਕੇ ਨਾਲ ਕੀਤੀ ਗਈ ਸੀ।

# ਭਾਰਤ ਵੰਸ਼ੀ ਮਾਹਰ ਨੇ ਨਾਸਾ ਲਈ ਚੰਦ ਉਤੇ ਪਹਿਲੇ 4ਜੀ ਨੈਟਵਰਕ ਚਲਾਇਆ



ਨਵੀਂ ਦਿੱਲੀ, 8 ਮਾਰਚ (ਪੋਸਟ ਬਿਊਰੋ)- ਸਮਾਰਟਫੋਨ ਨਿਰਮਾਤਾ ਕੰਪਨੀ ਨੋਕੀਆ ਵਿੱਚ ਮੁੱਖ ਰਣਨੀਤੀ ਤੇ ਟੈਕਨੀਕ ਬਾਰੇ ਅਫਸਰ (ਸੀ ਐਸ ਟੀ ਓ) ਵਜੋਂ ਕੰਮ ਕਰ ਰਹੇ ਭਾਰਤੀ ਮੂਲ ਦੇ ਨਿਸ਼ਾਂਤ ਬੱਤਰਾ ਚੰਦਰਮਾ ਉੱਤੇ ਪਹਿਲਾ ਸੈਲੂਲਰ ਨੈਟਵਰਕ ਬਣਾਉਣ ਵਿੱਚ ਨਾਸਾ ਦੀ ਮਦਦ ਕਰ ਰਹੇ ਹਨ। ਨਿਸ਼ਾਂਤ ਬੱਤਰਾ ਜਨਵਰੀ 2021 ਵਿੱਚ ਸੀ ਐਸ ਟੀ ਓ ਅਤੇ ਨੋਕੀਆ ਗਰੁੱਪ ਲੀਡਰਸ਼ਿਪ ਟੀਮ ਮੈਂਬਰ ਵਜੋਂਇਸ ਨਾਲ ਜੁੜੇ ਸਨ। ਉਨ੍ਹਾਂ ਨੇ ਇਨਸੀਡ ਤੋਂ ਐਮ ਬੀ ਏ, ਟੈਲੀਕਾਮ ਦੀ ਮਾਸਟਰ ਡਿਗਰੀ ਤੇ ਡਲਾਸ ਦੀਸਾਊਥ ਮੈਥੋਡਿਸਟ ਯੂਨੀਵਰਸਿਟੀ ਤੋਂ ਕੰਪਿਊਟਰ ਸਾਇੰਸ ਵਿੱਚ ਮਾਸਟਰ ਡਿਗਰੀ ਅਤੇ ਭਾਰਤ ਵਿੱਚ ਦੇਵੀ ਅਹਿੱਲਿਆ ਯੂਨੀਵਰਸਿਟੀ ਤੋਂ ਕੰਪਿਊਟਰ ਐਪਲੀਕੇਸ਼ਨਜ਼ ਵਿੱਚ ਗ੍ਰੈਜੂਏਟ ਡਿਗਰੀ ਪ੍ਰਾਪਤ ਕੀਤੀ ਹੈ। 2022 ਦੇ ਅਖੀਰ ਵਿੱਚ ਚੰਦਰਮਾ ਉੱਤੇ ਪਹਿਲਾ ਅਲਟਰਾ-ਕੰਪੈਕਟ, ਕਮ ਸ਼ਕਤੀ, ਪੁਲਾੜ-ਕਠੋਰ, ਐਂਡ-ਟੂ ਐਂਡ ਐਲ ਟੀ ਈ ਸਲਿਊਸ਼ਨ ਬਣਾਉਣ ਤੇ ਤੈਨਾਤ ਕਰਨ ਲਈ ਉਪਯੋਗ ਕੀਤਾ ਜਾਵੇਗਾ। ਨਾਸਾ ਇਸ ਸਾਲ ਮਈ ਵਿੱਚ ਲਾਂਚ ਲਈ ਆਪਣੇ ਮਨੁੱਖ ਰਹਿਤ ਆਰਟੇਮਿਸ ਮਿਸ਼ਨ ਅਤੇ 2026 ਵਿੱਚ ਕਰੂਅ ਮਿਸ਼ਨ ਨਾਲ ਚੰਦਰਮਾ ਦੀ ਸਤ੍ਹਾ ਉੱਤੇ ਆਪਣੀ ਪਕੜ ਫਿਰ ਤੋਂ ਹਾਸਲ ਕਰਨਾ ਚਾਹੁੰਦਾ ਹੈ। ਪਿਛਲੇ ਸਾਲ ਅਕਤੂਬਰ ਵਿੱਚ ਅਮਰੀਕੀ ਪੁਲਾੜੀ ਏਜੰਸੀ ਨੇ ਚੰਦਰਮਾ ਲਈ 'ਟਿਪਿੰਗ ਪੁਆਇੰਟ' ਤਕਨੀਕਾਂ ਨੂੰ ਅੱਗੇ ਵਧਾਉਣ ਲਈ ਭਾਈਵਾਲ ਦੇ ਰੂਪ ਵਿੱਚ ਨੋਕੀਆ ਦੀ ਚੋਣ ਕੀਤੀ, ਜਿਸ ਨੇ ਪੁਲਾੜ ਵਿੱਚ ਪਹਿਲੀ ਐਲ ਟੀ ਈ, 4 ਜੀ ਸੰਚਾਰ ਪ੍ਰਣਾਲੀ ਨੂੰ ਤੈਨਾਤ ਕੀਤਾ ਅਤੇ ਚੰਦਰਮਾ ਦੀ ਸਤ੍ਹਾ ਉੱਤੇ ਮਨੁੱਖ ਦੀ ਮੌਜੂਦਗੀ ਆਸਾਨ ਹੋ ਜਾਵੇਗੀ।

# ਮਮਤਾ ਬੈਨਰਜੀ ਦੀ ਫਲਾਈਟ ਦੇ ਅੱਗੇ ਦੂਸਰਾ ਜਹਾਜ਼ਆ ਗਿਆ

* ਪਾਇਲਟ ਦੀ ਫੁਰਤੀ ਨਾਲ ਹਾਦਸੇ ਤੋਂ ਬਚਾਅ



ਕੋਲਕਾਤਾ, 8 ਮਾਰਚ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕੱਲ੍ਹ ਕਿਹਾ ਕਿ ਦੋ ਦਿਨ ਪਹਿਲਾਂ ਉਨ੍ਹਾਂ ਦੀ ਚਾਰਟਰਡ ਉਡਾਣ ਅੱਗੇ ਇੱਕ ਹੋਰ ਜਹਾਜ਼ ਆ ਗਿਆ ਤਾਂ ਪਾਇਲਟ ਦੀ ਫੁਰਤੀ ਕਾਰਨ ਟੱਕਰ ਹੋਣ ਤੋਂ ਬਚਾਅ ਹੋ ਗਿਆ। ਉਨ੍ਹਾ ਨੇ ਕਿਹਾ ਕਿ ਸਾਹਮਣੇ ਤੋਂ ਆਇਆ ਜਹਾਜ਼ ਕਿਸੇ ਵੀ ਏਅਰ ਪੋਰਟ ਨਾਲ ਸਬੰਧਤ ਨਹੀਂ ਸੀ ਜਿਵੇਂ ਪਹਿਲਾਂ ਦਾਅਵਾ ਕੀਤਾ ਜਾ ਰਿਹਾ ਸੀ। ਬੰਗਾਲ ਸਰਕਾਰ ਨੇ ਸ਼ਨੀਵਾਰ ਇਸ ਬਾਰੇ ਡੀ ਜੀ ਸੀ ਏ ਤੋਂ ਰਿਪੋਰਟ ਮੰਗੀ ਸੀ। ਮੁੱਖ ਮੰਤਰੀ ਦੀ ਫਲਾਈਟ ਨੂੰ ਜ਼ੋਰਦਾਰ ਝਟਕੇ ਲੱਗੇ ਤੇ ਉਨ੍ਹਾਂ ਦੀ ਪਿੱਠ ਤੇ ਛਾਤੀ ਵਿੱਚ ਸੱਟ ਲੱਗੀ ਸੀ। ਮਿਲੇ ਵੇਰਵੇ ਮੁਤਾਬਕ ਜਹਾਜ਼ ਨੂੰ ਪਾਇਲਟ ਨੇ ਇਕਦਮ ਛੇ ਹਜ਼ਾਰ ਫੁੱਟ ਹੇਠਾਂ ਲਾਹਿਆ ਸੀ। ਰਾਜ ਸਰਕਾਰ ਨੇ ਡੀ ਜੀ ਸੀ ਏ (ਡਾਇਰੈਕਟਰ ਜਨਰਲ ਸਿਵਲ ਐਵੀਏਸ਼ਨ) ਤੋਂ ਪੁੱਛਿਆ ਹੈ ਕਿ ਕੀ ਮਮਤਾ ਬੈਨਰਜੀ ਦੀ ਚਾਰਟਰਡ ਉਡਾਣ ਦਾ ਰੂਟ ਮਨਜ਼ੂਰ ਸੀ। ਮਮਤਾ ਉਸ ਵੇਲੇ ਯੂ ਪੀ ਤੋਂ ਆ ਰਹੀ ਸੀ, ਜਿੱਥੇ ਉਨ੍ਹਾਂ ਸਮਾਜਵਾਦੀ ਪਾਰਟੀ ਦੀ ਹਮਾਇਤ ਕੀਤੀ ਹੈ। ਮੁੱਖ ਮੰਤਰੀ ਵਾਲਾ ਜਹਾਜ਼ ਦਾਸੋ ਫਾਲਕਨ 2000 ਸੀ, ਜਿਸ ਵਿੱਚ 19 ਵਿਅਕਤੀ ਸਫਰ ਕਰ ਸਕਦੇ ਹਨ।

# ਮੁੱਖ ਮੰਤਰੀ ਚੰਨੀ ਵੱਲੋਂ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ



ਨਵੀਂ ਦਿੱਲੀ, 8 ਮਾਰਚ (ਪੋਸਟ ਬਿਊਰੋ)- ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਕੱਲ੍ਹ ਕੀਤੀ ਮੁਲਾਕਾਤ ਦੌਰਾਨ ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀ ਬੀ ਐਮ ਬੀ) ਵਿੱਚਵੱਡੇ ਅਫਸਰਾਂ ਦੀਆਂ ਨਿਯੁਕਤੀਆਂ ਦੇ ਨਿਯਮਾਂ ਵਿੱਚ ਕੀਤੇ ਬਦਲਾਅ ਤੇ ਯੁੱਧ-ਮਾਰੇ ਯੂਕਰੇਨ ਵਿੱਚ ਫਸੇ ਪੰਜਾਬੀ ਵਿਦਿਆਰਥੀਆਂ ਦੀ ਵਾਪਸੀ ਦੇ ਮੁੱਦੇ ਉਠਾਏ। ਮੁਲਾਕਾਤ ਪਿੱਛੋਂ ਪੱਤਰਕਾਰਾਂ ਨੂੰ ਚੰਨੀ ਨੇ ਦੱਸਿਆ ਕਿ ਉਨ੍ਹਾਂ ਬੈਠਕ ਦੌਰਾਨ ਭਾਖੜਾ ਬਿਆਸ ਪਬੰਧਕੀ ਬੋਰਡ ਵਿੱਚ ਉਚ ਅਫਸਰਾਂ, ਮੈਂਬਰਾਂ ਦੀਆਂ ਨਿਯੁਕਤੀਆਂ ਦੇ ਨਿਯਮਾਂ ਵਿੱਚ ਤਬਦੀਲੀ ਦਾ ਮੁੱਦਾ ਉਠਾਇਆ ਤੇ ਕੇਂਦਰੀ ਗ੍ਰਹਿ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਇਸ ਦਾ ਜਲਦ ਹੱਲ ਪੰਜਾਬ ਦੀ ਇੱਛਾ ਅਨੁਸਾਰ ਕੀਤਾ ਜਾਵੇਗਾ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦੱਸਿਆ ਕਿ ਯੂਕਰੇਨ ਵਿੱਚ ਸਾਡੇ ਪੰਜਾਬ ਦੇ ਕੁੱਲ 997 ਵਿਦਿਆਰਥੀ ਫਸੇ ਹੋਏ ਸਨ, ਜਿਨ੍ਹਾਂ ਵਿੱਚੋਂ 420 ਵਾਪਸ ਆ ਗਏ ਅਤੇ 200 ਪੋਲੈਂਡ ਚਲੇ ਗਏ ਤੇ ਸੁਰੱਖਿਅਤ ਹਨ, ਪਰ ਅਜੇ ਕੁਝ ਉਥੇ ਫਸੇ ਹੋਏ ਹਨ। ਗ੍ਰਹਿ ਮੰਤਰੀ ਨੇ ਉਨ੍ਹਾਂ ਨੂੰ ਸਭ ਵਿਦਿਆਰਥੀਆਂ ਨੂੰ ਸੁਰੱਖਿਅਤ ਲਿਆਉਣ ਦਾ ਭਰੋਸਾ ਦਿੱਤਾ ਹੈ।

# ਯੂਕਰੇਨ ਹੀ ਨਹੀਂ, ਰੂਸ ਦੇ ਕ੍ਰੀਮੀਆ ਦੇ ਸਟੂਡੈਂਟਸ ਵੀ ਦਹਿਸ਼ਤ 'ਚ

ਲੁਧਿਆਣਾ, 8 ਮਾਰਚ (ਪੋਸਟ ਬਿਊਰੋ)- ਯੂਕਰੇਨ ਉੱਤੇ ਰੂਸ ਦੇ ਹਮਲੇ ਦੇ ਬਾਅਦ ਸਿਰਫ ਯੂਕਰੇਨ ਦੇ ਸਟੂਡੈਂਟਸ ਹੀ ਦਹਿਸ਼ਤ ਵਿੱਚ ਨਹੀਂ, ਯੂਕਰੇਨ ਨਾਲ ਲੱਗਦੇ ਰੂਸ ਦੇ ਸਰਹੱਦੀ ਖੇਤਰਾਂ ਦੇ ਮੈਡੀਕਲ ਸਟੂਡੈਂਟਸ ਵਿੱਚ ਵੀ ਡਰ ਦਾ ਮਾਹੌਲ ਹੈ। ਖਾਸ ਕਰ ਕੇ ਰੂਸ ਦੇ ਕ੍ਰੀਮੀਆ ਵਿੱਚ ਪੜ੍ਹਦੇ ਸਟੂਡੈਂਟਸ ਵਿੱਚ ਡਰ ਵੱਧ ਹੈ, ਕਿਉਂਕਿ 2014 ਵਿੱਚ ਰੂਸ ਨੇ ਯੂਕਰੇਨ ਦੇ ਕ੍ਰੀਮੀਆ ਸ਼ਹਿਰ ਉੱਤੇ ਕਬਜ਼ਾ ਕਰ ਕੇ ਉਸ ਨੂੰ ਰੂਸ ਵਿੱਚ ਮਿਲਾ ਲਿਆ ਸੀ। ਇਸ ਦੇ ਚਲਦੇ ਸੀ ਐਫ ਯੂ (ਕ੍ਰੀਮੀਆ ਫੈਡਰੇਸ਼ਨ ਯੂਨੀਵਰਸਿਟੀ) ਸਿੰਫਰੋਪੋਲ ਤੋਂ ਵੀ ਸਟੂਡੈਂਟਸ ਘਰ ਵਾਪਸ ਆ ਰਹੇ ਹਨ।

ਕੈਲਾਸ਼ ਨਗਰ ਨਿਊ ਨੰਦਾ ਕਾਲੋਨੀ ਦਾ ਸ਼ਿਵਮ ਸ਼ਰਮਾ (20) ਐਤਵਾਰ ਰਾਤ ਲੁਧਿਆਣਾ ਪਹੁੰਚਿਆ ਤਾਂ ਉਸ ਨੇ ਦੱਸਿਆ ਕਿ ਪਿਛਲੇ ਸਾਲ ਜੂਨ ਵਿੱਚ ਉਹ ਕ੍ਰੀਮੀਆ ਗਿਆ ਸੀ। ਸ਼ਿਵਮ ਮੁਤਾਬਕ ਅਜੇ ਕ੍ਰੀਮੀਆ ਵਿੱਚ ਮਾਹੌਲ ਸ਼ਾਂਤ ਹੈ, ਪਰ ਯੂਕਰੇਨ ਵਿੱਚ ਵੀ ਸ਼ੁਰੂ ਵਿੱਚ ਇੰਝ ਹੀ ਮਾਹੌਲ ਸ਼ਾਂਤ ਸਮਝ ਕੇ ਸੂਟਡੈਂਟਸ ਨੇ ਦੇਰ ਕੀਤੀ ਅਤੇ ਫਿਰ ਫਸ ਗਏ ਸਨ। ਇਸ ਲਈ ਮੇਰੇ ਸਮੇਤ ਕਈ ਹੋਰ ਭਾਰਤੀ ਸਟੂਡੈਂਟਸ ਨੇ ਘਰ ਆਉਣ ਦੇ ਲਈ ਯੂਨੀਵਰਸਿਟੀ ਤੋਂ ਆਨਲਾਈਨ ਪੜ੍ਹਾਈ ਕਰਨ ਦੀ ਮਨਜ਼ੂਰੀ ਮੰਗੀ, ਜੋ ਉਨ੍ਹਾਂ ਨੇ ਦੇ ਦਿੱਤੀ ਹੈ। ਸ਼ਿਵਮ ਨੇ ਦੱਸਿਆ ਕਿ ਨੋ ਫਲਾਇੰਗ ਏਰੀਆ ਹੋਣ ਕਾਰਨ ਉਹ ਪਹਿਲਾਂ ਦੋ ਦਿਨ ਟਰੇਨ ਦਾ ਸਫਰ ਕਰ ਕੇ ਮਾਸਕੋ ਪਹੁੰਚੇ, ਜਿੱਥੋਂ ਫਲਾਈਟ ਰਾਹੀਂ ਵਾਇਆ ਦੁਬਈ ਆਇਆ ਹੈ।

# ਰਾਜਕੁਮਾਰੀ ਡਾਇਨਾ ਦੀ ਨਵੀਂ ਫੋਟੋ ਨਾਲ ਨੂੰਹ ਕੇਟ ਮਿਡਲਟਨ ਦੀ ਤੁਲਨਾ



ਲੰਡਨ, 8 ਮਾਰਚ (ਪੋਸਟ ਬਿਊਰੋ)- ਰਾਜਕੁਮਾਰੀ ਡਾਇਨਾ ਦੀ ਇੱਕ ਨਵੀਂ ਫੋਟੋ ਪਹਿਲੀ ਵਾਰ ਜਨਤਕ ਕੀਤੀ ਗਈ ਹੈ। ਮਰਹੂਮ ਡਾਇਨਾ ਦੀ ਇਹ ਫੋਟੋ ਖਿੱਚੇ ਜਾਣ ਤੋਂ ਲੱਗਭਗ 34 ਸਾਲ ਬਾਅਦ ਸਾਹਮਣੇ ਆਈ ਹੈ। ਇਹ ਰਾਜਕੁਮਾਰੀ ਡਾਇਨਾ ਦੀ ਫੋਟੋਗ੍ਰਾਫਰ ਡੇਵਿਡ ਬੇਲੀ ਨੇ 1988 ਦੀ ਖਿਚੀ ਸੀ, ਜੋ ਪਹਿਲੀ ਵਾਰ ਜਨਤਕ ਕੀਤੀ ਗਈ ਹੈ।

ਇਸ ਫੋਟੋ ਨਾਲ ਸ਼ਾਹੀ ਪਰਵਾਰ ਦੀ ਨੂੰਹ ਕੇਟ ਮਿਡਲਟਨ ਦੀ ਤੁਲਨਾ ਰਾਜਕੁਮਾਰੀ ਡਾਇਨਾ ਨਾਲ ਕੀਤੀ ਜਾ ਰਹੀ ਹੈ। ਇਸ ਤੋਂ ਸਾਫ਼ ਹੈ ਕਿ ਰਾਜਕੁਮਾਰੀ ਡਾਇਨਾ ਅੱਜ ਵੀ ਲੋਕਾਂ ਦੇ ਮਨਾਂ ਵਿੱਚ ਜ਼ਿੰਦਾ ਹੈ। ਮਰਹੂਮ ਪ੍ਰਿੰਸਿਸ ਆਫ ਵੇਲਜ਼ ਡਾਇਨਾ ਦਾ ਇਹ ਪੋਰਟਰੇਟ ਲੰਡਨ ਦੇ ਕੇਨਸਿੰਗਟਨ ਪੈਲੇਸ ਵਿਖੇ 'ਲਾਈਫ ਥਰੂ ਏ ਰਾਇਲ ਲੈਂਸ' ਸਿਰਲੇਖ ਵਾਲੀ ਨਵੀਂ ਪ੍ਰਦਰਸ਼ਨੀ ਵਿੱਚਪੇਸ਼ ਕੀਤਾ ਗਿਆ ਹੈ। ਇਹ ਸਧਾਰਨ, ਪਰ ਸ਼ਾਨਦਾਰ, ਬਲੈਕ ਐਂਡ ਵ੍ਹਾਈਟ ਫੋਟੋ 4 ਮਾਰਚ ਨੂੰ ਜਨਤਾ ਸਾਹਮਣੇ ਰੱਖੀ ਗਈ। ਜਦੋਂ ਇਹ ਤਸਵੀਰ ਲਈ ਗਈ ਸੀ, ਓਦੋਂ ਡਾਇਨਾ ਲੱਗਭਗ 27 ਸਾਲ ਦੀ ਸੀ। ਇਸ ਫੋਟੋ ਵਿੱਚ ਰਾਜਕੁਮਾਰੀ ਡਾਇਨਾ ਨੇ ਇੱਕ ਆਫ-ਦ-ਸ਼ੋਲਡਰ ਗਾਊਨ ਅਤੇ ਟੀਅਰਡ੍ਰੌਪ ਈਅਰਰਿੰਗਸ ਪਹਿਨੇ ਹੋਏ ਹਨ। ਮਸ਼ਹੂਰ ਫੋਟੋਗ੍ਰਾਫਰ ਵਾਰਹੋਲ, ਟਵਿਗੀ ਅਤੇ ਦ ਬੀਟਲਸ ਸਮੇਤ ਕਈ ਪੌਪ ਕਲਚਰ ਸਖ਼ਸ਼ੀਅਤਾਂ ਦੀਆਂ ਤਸਵੀਰਾਂ ਖਿੱਚੀਆਂ ਹਨ। ਕਿਹਾ ਜਾਂਦਾ ਹੈ ਕਿ ਇਸ ਕੰਮ ਲਈ ਫੈਸ਼ਨ ਫੋਟੋਗ੍ਰਾਫਰ ਡਾਇਨਾ ਬੇਲੀ ਨੂੰ ਖੁਦ ਰਾਜਕੁਮਾਰੀ ਡਾਇਨਾ ਨੇ ਚੁਣਿਆ ਸੀ। ਜ਼ਿਕਰਯੋਗ ਹੈ ਕਿ ਰਾਜਕੁਮਾਰੀ ਡਾਇਨਾ ਦੀ 1997 ਵਿੱਚ ਇੱਕ ਦੁਰਘਟਨਾ ਵਿੱਚ ਮੌਤ ਹੋ ਗਈ ਸੀ।

# ਲਟਕਦੇ ਮਾਮਲੇ ਪੰਜਾਬ ਦੀ ਨਵੀਂ ਸਰਕਾਰ ਦੀ ਰਾਹ ਦੇ ਕੰਡੇ ਬਣਨਗੇ

ਚੰਡੀਗੜ੍ਹ, 8 ਮਾਰਚ (ਪੋਸਟ ਬਿਊਰੋ)- ਇਸ 10 ਮਾਰਚ ਨੂੰ ਕਿਸੇ ਵੀ ਪਾਰਟੀ ਦੀ ਸਰਕਾਰ ਬਣੇ, ਪ੍ਰੰਤੂ ਉਸ ਲਈ ਅੱਗੇ ਦਾ ਰਾਹ ਕੰਡਿਆਂ ਭਰਿਆ ਹੋਵੇਗਾ। ਬਹੁਤ ਸਾਰੇ ਮੁੱਦੇ ਹਨ, ਜਿਨ੍ਹਾਂ ਦਾ ਅਗਲੀ ਸਰਕਾਰ ਨੂੰ ਤੁਰੰਤ ਧਿਆਨ ਕਰਨਾ ਪਵੇਗਾ। ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੀ ਮੈਂਬਰੀ ਦਾ ਮੁੱਦਾ ਉਨ੍ਹਾਂ ਵਿੱਚੋਂ ਇੱਕ ਹੈ।

ਵਰਨਣ ਯੋਗ ਹੈ ਕਿ ਪੰਜਾਬ ਦੀਆਂ ਲਗਭਗ ਸਾਰੀਆਂ ਪਾਰਟੀਆਂ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੀ ਮੈਂਬਰੀਦੇ ਮੁੱਦੇ ਉੱਤੇ ਕੇਂਦਰ ਸਰਕਾਰ ਦੇ ਖਿਲਾਫ ਬੋਲ ਰਹੀਆਂ ਹਨ।ਕਿਸਾਨਾਂ ਨੇ ਵੀ ਇਸ ਦੇ ਖਿਲਾਫ ਅਰਥੀ ਫੂਕ ਪ੍ਰਦਰਸ਼ਨ ਕੀਤੇ ਹਨ। ਇਸ ਦੇ ਇਲਾਵਾ ਚੰਡੀਗੜ੍ਹ ਵਿੱਚ ਕਈ ਅਹੁਦਿਆਂ ਉੱਤੇ ਪੰਜਾਬ ਦੇ ਅਫਸਰਾਂ ਨੂੰ ਨਾ ਲਾਉਣ ਦਾ ਮਾਮਲਾ ਵੀ ਹੈ। ਪੰਜਾਬ ਦੀਆਂ ਕਈ ਰਾਜਨੀਤਕ ਪਾਰਟੀਆਂ ਤੇ ਕਿਸਾਨ ਮੰਗ ਕਰ ਰਹੇ ਹਨ ਕਿ ਚੰਡੀਗੜ੍ਹ ਦੇ ਸੱਠ ਫੀਸਦੀ ਅਹੁਦਿਆਂ ਉੱਤੇ ਪੰਜਾਬ ਦੇ ਅਫਸਰ ਤੇ ਕਰਮਚਾਰੀ ਲੱਗਣੇ ਚਾਹੀਦੇ ਹਨ ਤੇ ਦੂਸਰੇ ਚਾਲੀ ਫੀਸਦੀ ਅਹੁਦਿਆਂ ਉੱਤੇ ਹਰਿਆਣਾ ਦੇ ਅਫਸਰ ਅਤੇ ਕਰਮਚਾਰੀ ਲੱਗਣੇ ਚਾਹੀਦੇ ਹਨ। ਕੇਂਦਰ ਸਰਕਾਰ ਦਾ ਕੋਈ ਅਫਸਰ ਇੱਥੇ ਨਹੀਂ ਲੱਗਣਾ ਚਾਹੀਦਾ, ਪਰ ਕੇਂਦਰ ਸਰਕਾਰ ਦੇ ਬਹੁਤ ਸਾਰੇ ਅਫਸਰ ਚੰਡੀਗੜ੍ਹ ਵਿੱਚ ਆਣ ਲੱਗੇ ਹਨ। ਇਸ ਦੇ ਨਾਲ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਵਿੱਚ ਗਰਮ ਖਿਆਲੀ ਅਨਸਰ ਵੀ ਫਿਰ ਸਰਗਰਮ ਹੋ ਗਏ ਹਨ।

ਬੇਅਦਬੀ ਦਾ ਮਾਮਲਾ ਵੀ ਪਿਛਲੇ ਸੱਤ ਸਾਲਾਂ ਤੋਂ ਲਟਕਿਆ ਪਿਆ ਹੈ। ਇਸ ਦੇ ਇਲਾਵਾ ਪੰਜਾਬ ਪੁਲਸ ਦੇ ਇੱਕ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦਾ ਕੇਸ ਹੈ। ਯੂਕਰੇਨ ਵਿੱਚ ਫੱਸੇ ਪੰਜਾਬੀ ਨੌਜਵਾਨਾਂ ਦਾ ਮੁੱਦਾ ਹੈ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਵਾਪਸ ਆਚੁੱਕੇ ਹਨ। ਜੇ ਯੁੱਧ ਖਤਮ ਨਹੀਂ ਹੁੰਦਾ ਤਾਂ ਇਨ੍ਹਾਂ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਪੰਜਾਬ ਸਰਕਾਰ ਨੂੰ ਕਰਨਾ ਪਵੇਗਾ। ਇਸ ਦੇ ਇਲਾਵਾ ਪੰਜਾਬ ਉੱਤੇ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹਿਆ ਹੋਇਆ ਹੈ।

ਪੰਜਾਬ ਵਿੱਚ ਡਰੱਗ ਅਤੇ ਟਰਾਂਸਪੋਰਟ ਮਾਫੀਆ ਪੂਰੀ ਤਰ੍ਹਾਂ ਸਰਗਰਮ ਹੈ। ਬਠਿੰਡਾ ਨੇੜਲੇ ਪਿੰਡਾਂ ਵਿੱਚ ਲੋਕਾਂ ਨੂੰ ਡਰੱਗ ਵੇਚਣ ਵਾਲਿਆਂ ਨੂੰ ਰੋਕਣ ਲਈ ਠੀਕਰੀ ਪਹਿਰਾ ਦੇਣਾ ਪੈ ਰਿਹਾ ਹੈ ਐ ਪਤਾ ਲੱਗਾ ਹੈ ਕਿ ਟਰਾਂਸਪੋਰਟ ਮਾਫੀਆ ਦੇ ਲੋਕ ਆਪਣੇ ਰੱਦ ਹੋਏ ਪਰਮਿਟਾਂ ਨੂੰ ਬਹਾਲ ਕਰਨ ਲਈ ਕਾਫੀ ਤੇਜ਼ੀ ਨਾਲ ਕੰਮ ਕਰ ਰਹੇ ਹਨ। ਅਗਲੇ ਦਿਨਾਂ ਵਿੱਚ ਨਵੀਂ ਸਰਕਾਰ ਨੂੰ ਇਨ੍ਹਾਂ ਸਾਰੇ ਮੁੱਦਿਆਂ ਉੱਤੇ ਕੰਮ ਕਰਨਾ ਪਵੇਗਾ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION

## Urgently Need New Listings in Brampton/Caledon

visit: www.teamjagaujla.com

Call **JAG AUJLA**
MCNE, REAL ESTATE BROKER
DIR: 416-371-7777
j.aujla@rogers.com www.jagaujla.com

**CALL JAG FOR A QUICK & FREE HOME EVALUATION**
www.BramptonTopRealtor.com www.BramptonTopAgent.com

## RECENTLY LISTED/SOLD IN YOUR NEIGHBOURHOOD BY JAG AUJLA

**JUST LISTED FOR SALE**
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades

BRANTFORD, ONTARIO — Call Jag Aujla For Details

**JUST LISTED FOR SALE**
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New

* Spent over $200k on upgrades
BRAMPTON, ONTARIO — Call Jag Aujla For Details

| | | |
|---|---|---|
| SOLD $215,000 OVER ASKING IN 2 DAYS — 42 Lawnview Crt, Sandalwood /Hwy 10 / Braidwood | SOLD $101,000 OVER ASKING IN 2 DAYS — 11 Germain Circ, Miss.Rd/ William Pkwy/ Bovaird | SOLD $165,000 OVER ASKING IN 2 DAYS — 5 Mitchell Ave, Sandalwood/ Conestoga/ Dalzell |
| SOLD @101% OF ASKING PRICE — 12 Laurelcrest St, Queen / Laurelcrest / Hwy 410 | SOLD $260,000 OVER ASKING IN 4 DAYS — 10 Lady Stewart Blvd, Howden / William Pkwy/ Hwy 410 | SOLD @99% OF ASKING PRICE — 11 Van Hoof Crest, Castlemore/ Goreway / Latania |
| SOLD $121,000 OVER ASKING IN 6 DAYS Caledon — 42 Pinedale Ave, Kennedy / Dougall | SOLD $73,000 OVER ASKING IN 6 DAYS Shelbourne — 416 Olde Village Lane, Hwy 89 / Greenwood | SOLD $355,000 OVER ASKING IN 4 DAYS — 37 Esker Dr, Heart Lake Rd/Sandalwood Pkwy |

**FREE**
- Full MLS Services
- Consistently Marketing Your Property Until SOLD
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
- Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777
MCNE, REAL ESTATE BROKER — NOT INTENDED TO SOLICIT BUYERS OR SELLER CURRENTLY UNDER CONTRACT
March 2022

## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

## ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777 416.802.5866
31 Melanie Dr. Unit #4 Brampton, ON L6T 5H8

**SOLD — $1,399,999 — CASTLEMORE/GOREWAY**
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

**FOR SALE — $1,749,900 — 8337 ਗਲਫ ਲਾਈਨ**
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

**FOR SALE — $1,950,000 — 26 Yellow RomeRd**
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ ਦੀ ਫਿਨਿਸ਼ਡ ਬੇਸਮੇਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!

DUNDAS-JAFINE

## HELP WANTED
### ਕਾਮਿਆਂ ਦੀ ਲੋੜ
### ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department




## FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017